
# ਅੰਮ੍ਰਿਤ ਕੀਰਤਨ

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਰਸਾਲਾ

ਅੰਕ 7 ਸਾਲ ਛੇਵਾਂ ਜੁਲਾਈ, 1994




ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 24660

# ਅੰਮ੍ਰਿਤ ਕੀਰਤਨ

ਅੰਕ 7 ਸਾਲ ਛੇਵਾਂ ਜੁਲਾਈ, 1994



**ਸੰਪਾਦਕ (ਆਨਰੇਰੀ)**

ਡਾ. ਜਾਗੀਰ ਸਿੰਘ

**ਸਹਿਯੋਗੀ**

ਡਾ. ਤ੍ਰਿਲੋਚਨ ਸਿੰਘ ਤਰਸੀ

ਡਾ. ਕਰਨੈਲ ਸਿੰਘ ਸੋਮਲ

ਸ੍ਰ. ਹਰਿਭਜਨ ਸਿੰਘ ਚੋਪੜਾ

ਸ੍ਰ. ਕੁਲਦੀਪ ਸਿੰਘ

ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**

ਗੁਰਦੀਪ ਸਿੰਘ ਦੀਪ



**ਚਿੱਠੀ ਪੱਤਰ ਲਈ ਪਤਾ :**

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ਸੈਕਟਰ 15-ਏ,

ਚੰਡੀਗੜ੍ਹ-160 015

ਫੋਨ : 24660



**ਚੰਦੇ ਦਾ ਵੇਰਵਾ**

ਇਕ ਕਾਪੀ 10 ਰੁਪਏ

ਦੇਸ਼ ਸਲਾਨਾ 50 ਰੁਪਏ

ਜੀਵਨ ਮੈਂਬਰ 500 ਰੁਪਏ

ਵਿਦੇਸ਼ ਸਲਾਨਾ 500 ਰੁਪਏ

ਜੀਵਨ ਮੈਂਬਰ 5000 ਰੁਪਏ



1] ਗੁਰਬਾਣੀ ਵਿਚ ਕੀਰਤਨ ਦਾ ਸੰਕਲਪ 1
—ਡਾ. ਜਾਗੀਰ ਸਿੰਘ

2] ਤੁਹਾਡੇ ਪੱਤਰ 8

3] ਭਾਈ ਬਲਦੇਵ ਸਿੰਘ ਜੀ 11
—ਭਾਈ ਚਰਨਜੀਤ ਸਿੰਘ

4] ਸੰਗੀਤ ਲਿਪੀ 12
ਜੀ.ਐਸ. ਸਰਦਾਰ

5] ਕੀਰਤਨ ਅਤੇ ਕੀਰਤਨੀਆਂ 14
—ਜਗਸੀਰ ਸਿੰਘ

6] ਪਰੋਮੋਟਿੰਗ ਮਿਊਜ਼ਕ 19
—ਡੀ.ਆਰ. ਗੌੜਪਾਂਡੇ

7] ਸੌ ਸਾਲ ਪੁਰਾਣੇ ਗਵਟੀਏ 20
-- ਪ੍ਰੋ. ਪਿਆਰਾ ਸਿੰਘ ਪਦਮ



**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।



'ਅੰਮਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ ।

# ਗੁਰਬਾਣੀ ਵਿਚ ਕੀਰਤਨ ਦਾ ਸੰਕਲਪ

—ਡਾ. ਜਾਗੀਰ ਸਿੰਘ

'ਕੀਰਤਨ ਦਾ ਅਰਥ ਹੈ ਪ੍ਰਮਾਤਮਾ ਦੇ ਗੁਣ ਗਾਉਣੇ।' ਸਿੱਖ ਧਰਮ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਅਤੇ ਹੋਰ ਪ੍ਰਮਾਣਿਕ ਬਾਣੀਆਂ ਨੂੰ ਸੁਰ, ਲੈਅ, ਤਾਲ ਸਹਿਤ ਰਾਗਾਂ ਵਿਚ ਗਾਇਨ ਕਰਨ ਦਾ ਨਾਮ ਕੀਰਤਨ ਕਿਹਾ ਜਾਂਦਾ ਹੈ। ਕੀਰਤਨ ਭਾਵੇਂ ਇਕ ਵਿਸ਼ੇਸ਼ ਧਾਰਮਿਕ ਕਾਰਜ ਹੈ ਪਰ ਗੁਰਬਾਣੀ ਵਿਚ ਇਸ ਨੂੰ ਖਾਸ ਮਹੱਤਤਾ ਪਰਾਪਤ ਹੋ ਗਈ ਹੈ। ਗੁਰਬਾਣੀ ਵਿਚ ਪ੍ਰਮਾਤਮਾ ਦੇ ਨਾਮ ਸਿਮਰਨ ਨੂੰ ਵੀ ਕੀਰਤਨ ਆਖਿਆ ਗਿਆ ਹੈ:—

ਕੀਰਤਨ ਨਾਮ ਸਿਮਰਤ ਰਹਉ,
ਜਬ ਲਗ ਘਟਿ ਸਾਸੁ ॥ (ਬਿਲਾਵਲ ਮਹਲਾ 5, ਪੰਨਾ 818)

ਅਰਥਾਤ ਜਦੋਂ ਤੱਕ ਮੇਰੇ ਸਰੀਰ ਵਿਚ ਸਵਾਸ ਹੈ ਉਦੋਂ ਤੱਕ ਮੈਂ ਤੇਰਾ ਨਾਮ ਸਿਮਰਨ ਰੂਪੀ ਕੀਰਤਨ ਕਰਦਾ ਰਹਾਂ।

ਚੀਤਿ ਆਵੈ ਸਦ ਕੀਰਤਨ ਕਰਤਾ ॥ ਪੰਨਾ ॥ 4 ॥

ਜਦੋਂ ਪ੍ਰਮਾਤਮਾ ਹਿਰਦੇ ਵਿਚ ਵਸਦਾ ਹੈ ਤਾਂ ਸਮਝੋ ਮਨੁੱਖ ਸਦਾ ਕੀਰਤਨ ਕਰਦਾ ਹੈ। ਗੁਰਬਾਣੀ ਵਿਚ ਕੀਰਤਨ ਨੂੰ ਹੀਰਾ ਕਿਹਾ ਗਿਆ ਹੈ।

ਕੀਰਤਨ ਨਿਰਮੋਲਕ ਹੀਰਾ ॥
ਅਨੰਦ ਗੁਣੀ ਗਹੀਰਾ ॥ ਰਾਮਕਲੀ ਮਹਲਾ 5, ਪੰਨਾ 893।

ਅਰਥਾਤ – ਕੀਰਤਨ ਇਕ ਅਜਿਹਾ ਹੀਰਾ ਹੈ ਜਿਸਦਾ ਮੁੱਲ ਨਹੀਂ ਪੈ ਸਕਦਾ। ਕੀਰਤਨ ਅਨੰਦ ਅਤੇ ਗੁਣਾਂ ਦਾ ਸਮੁੰਦਰ ਹੈ। ਹੀਰੇ ਨਾਲ ਤਸ਼ਬੀਹ ਦੇ ਕੇ ਗੁਰੂ ਜੀ ਦਰਸਾਉਣਾ ਚਾਹੁੰਦੇ ਹਨ ਕਿ ਜਿਵੇਂ ਪਦਾਰਥਕ ਦੁਨੀਆਂ ਵਿਚ ਹੀਰਾ ਸਭ ਤੋਂ ਉੱਚੀ ਤੇ ਕੀਮਤੀ ਵਸਤੂ ਹੈ ਇਸੇ ਤਰ੍ਹਾਂ ਕੀਰਤਨ ਪ੍ਰਮਾਰਥਕ ਦੁਨੀਆਂ ਦੀ ਸਭ ਤੋਂ ਕੀਮਤੀ ਕਿਰਿਆ ਹੈ। ਕੀਰਤਨ ਨੂੰ ਹੀਰਾ ਦੱਸਣ ਸੰਬੰਧੀ ਇਕ ਹੋਰ ਭੇਦ ਵੀ ਜਾਪਦਾ ਹੈ। ਗੁਰਬਾਣੀ ਵਿਚ ਮਨ ਅਤੇ ਮਨੁੱਖੀ ਜਨਮ ਨੂੰ ਵੀ ਹੀਰਾ ਕਿਹਾ ਗਿਆ ਹੈ। ਜੇ ਕਿਸੇ ਹੀਰੇ ਨੂੰ ਆਪਣੇ ਪਿਆਰੇ ਦੇ ਗਲ ਦਾ ਹਾਰ ਬਣਾਉਣਾ ਹੋਵੇ ਤਾਂ ਉਸਨੂੰ ਤਰਾਸ਼ਣਾ ਅਤੇ ਉਸ ਵਿਚੋਂ ਛੇਕ ਵੀ ਹੀਰੇ ਨਾਲ ਬਣੇ ਜੰਤਰਾਂ ਰਾਹੀਂ ਕਰਨਾ ਪੈਂਦਾ ਹੈ। ਇਸ ਲਈ ਮਨ ਰੂਪੀ ਹੀਰੇ ਨੂੰ ਵਿੰਨ੍ਹਣ ਲਈ ਕੀਰਤਨ ਰੂਪੀ ਹੀਰਾ ਹੀ ਕਾਰਗਰ ਸਾਧਨ ਸਾਬਤ ਹੋ ਸਕਦਾ ਹੈ। ਕੀਰਤਨ ਰਾਹੀਂ ਮਨ ਵਿੰਨ੍ਹਿਆ ਜਾਂਦਾ ਹੈ।

ਗੁਰਬਾਣੀ ਵਿਚ ਕਲਜੁਗ ਦੇ ਬਾਕੀ ਸਾਰੇ ਕਰਮਾਂ ਨਾਲੋਂ ਕੀਰਤਨ ਦੀ ਪ੍ਰਧਾਨਤਾ ਦੱਸੀ ਗਈ ਹੈ।

ਕਲਿਜੁਗ ਮਹਿ ਕੀਰਤਨ ਪਰਧਾਨਾ।
ਗੁਰਮੁਖ ਜਪੀਐ ਲਾਇ ਧਿਆਨਾ।
ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ।

ਪੰਨਾ 1075

**ਅਰਥਾਤ :** ਕਲਜੁਗ ਵਿਚ ਕੀਰਤਨ ਹੀ ਪਰਧਾਨ ਕਰਮ ਹੈ। ਉਂਜ ਤਾਂ ਸਦਾ ਹੀ ਗੁਰੂ ਦੀ ਸਰਨ ਪੈ ਕੇ, ਸੁਰਤ ਜੋੜ ਕੇ ਪਰਮਾਤਮਾ ਦਾ ਨਾਮ ਜਪਣਾ ਚਾਹੀਦਾ ਹੈ ਜਿਹੜਾ ਮਨੁੱਖ ਪਰਮਾਤਮਾ ਦਾ ਨਾਮ ਜਪਦਾ ਹੈ ਉਹ ਆਪ ਵੀ ਸੰਸਾਰ ਸਾਗਰ ਤੋਂ ਤਰ ਜਾਂਦਾ ਹੈ ਅਤੇ ਆਪਣੀਆਂ ਕੁਲਾਂ ਨੂੰ ਵੀ ਪਾਰ ਲੰਘਾ ਲੈਂਦਾ ਹੈ। ਪਰਮਾਤਮਾ ਦੀ ਹਜ਼ੂਰੀ ਵਿਚ ਇੱਜ਼ਤ ਪਰਾਪਤ ਕਰਦਾ ਹੈ।

ਧਾਰਮਿਕ ਦੁਨੀਆਂ ਦੇ ਬਾਕੀ ਕਰਮ ਕਾਂਡਾਂ ਜਿਵੇਂ ਪਾਠ ਕਰਨਾ, ਤਪ ਕਰਨਾ, ਜੋਗ, ਸਾਧਨਾ ਆਦਿ ਤੋਂ ਕੀਰਤਨ ਉਚੇਰਾ ਹੈ। ਗਉੜੀ ਰਾਗ ਅੰਦਰ ਗੁਰਬਾਣੀ ਦਾ ਦਾ ਫੁਰਮਾਨ ਹੈ :

ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ।
ਨਰਕੁ ਸੁਰਗ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ।
ਸਿਵਪੁਰੀ ਬ੍ਰਹਮ ਇੰਦ੍ਰਪੁਰੀ ਨਿਹਚਲੁ ਕੋ ਥਾਉ ਨਾਹਿ।
ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ।
ਜੈਸੋ ਗੁਰ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ।
ਨਾਨਕ ਕਹੈ ਸੁਣ ਰੇ ਮਨਾ ਕਰਿ ਕੀਰਤਨ ਹੋਇ ਉਧਾਰ।

ਗਉੜੀ ਮਹਲਾ ਪੰਜਵਾਂ, ਪੰਨਾ 214

ਇਸ ਪਾਵਨ ਵਾਕ ਦੀ ਵਿਆਖਿਆ ਭਾਈ ਵੀਰ ਸਿੰਘ ਜੀ ਇਸ ਤਰ੍ਹਾਂ ਕਰਦੇ ਹਨ, ਕਿ ਸਤਿਗੁਰ ਗੁਰਬਾਣੀ ਰਾਹੀਂ ਕਿਸੇ ਸਿਖਿਆ ਲੈਣ ਆਏ ਨੂੰ ਉਪਦੇਸ਼ ਕਰ ਰਹੇ ਹਨ ਉਹ ਜਗਿਆਸੂ ਕਰਮ ਕਾਂਡ ਦੇ ਕਰਮਾਂ ਵਿਚ, ਜਿਵੇਂ ਤੀਰਥ, ਹੋਮ ਦੇ ਜੱਗ ਆਦਿ ਵਿਚ ਭਰੋਸਾ ਰਖਦਾ ਹੈ। ਉਸਨੂੰ ਆਖਦੇ ਹਨ, ਕਰਮਾਂ ਦੇ ਕਰਨ ਨਾਲ ਹਉਮੈ ਵਧਦੀ ਹੈ :

ਕਰਮ ਕਰਤ ਬਧੇ ਅਹੰਮੇਵ (ਗਉੜੀ ਕਬੀਰ ਜੀ)

**ਅਰਥਾਤ :** ਤੀਰਥ ਇਸ਼ਨਾਨ ਆਦਿ ਕਰਮ ਕਾਂਡ ਜੋ ਧਾਰਮਿਕ ਵਿਖਾਵੇ ਦੇ ਕੰਮ ਹਨ ਇਹਨਾਂ ਨੂੰ ਜਮ ਰਾਹ ਵਿਚ ਲੁੱਟ ਲੈਂਦੇ ਹਨ ਇਸ ਲਈ ਵਾਸਨਾ-ਰਹਿਤ ਹੋ ਕੇ ਕਰਤਾਰ ਦਾ ਕੀਰਤਨ ਗਾਵਹੁ ਇਸ ਤਰ੍ਹਾਂ ਛਿਨ ਭਰ ਸਿਮਰਨ ਕਰਨ ਨਾਲ ਹੀ ਮਨੁਖੀ ਵਿਕਾਰਾਂ ਤੋਂ ਛੁਟਕਾਰਾ ਪਰਾਪਤ ਹੋ ਜਾਂਦਾ ਹੈ।

ਭਏ ਦਇਆਲ ਕ੍ਰਿਪਾਲ ਸੰਤ ਜਨ ਤਬ ਇਹ ਬਾਤ ਬਤਾਈ।
ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ।

ਰਾਮਕਲੀ ਮਹਲਾ ਨੌਵਾਂ ਪੰਨਾ 902

ਜਦੋਂ ਸੰਤ ਜਨ ਕਿਸੇ ਭਾਗਾਂ ਵਾਲੇ ਉਤੇ ਦਇਆਵਾਨ ਹੁੰਦੇ ਹਨ ਕਿਰਪਾਲ ਹੁੰਦੇ ਹਨ, ਤਦੋਂ ਉਹ ਉਸ ਮਨੁੱਖ ਨੂੰ ਇਹ ਗੱਲ ਦਸਦੇ ਹਨ—ਜਿਸ ਮਨੁਖ ਨੇ ਪਰਮਾਤਮਾ ਦੀ ਦੀ ਸਿਫਤ ਸਲਾਹ ਦਾ ਕੀਰਤਨ ਗਾਉਣਾ ਸ਼ੁਰੂ ਕਰ ਦਿਤਾ ਇਉਂ ਸਮਝ ਲਵੋ ਉਸਨੇ ਸਾਰੇ ਹੀ ਧਾਰਮਿਕ ਕੰਮ ਕਰ ਲਏ।

ਗੁਰਬਾਣੀ ਵਿਚ ਕੀਰਤਨ ਦੀ ਮਹੱਤਤਾ ਬਾਰੇ ਅਨੇਕਾਂ ਪਾਵਨ ਬਚਨ ਉਚਾਰੇ ਹਨ :

ਹਰਿ ਕੀਰਤਨ ਸੁਣੈ ਹਰਿ ਕੀਰਤਨ ਗਾਵੈ।
ਤਿਸੁ ਜਨ ਦੂਖੁ ਨਿਕਟਿ ਨਹੀਂ ਆਵੈ।

(ਗਉੜੀ ਮਹਲਾ ਪੰਜਵਾਂ, ਪੰਨਾ 190)

ਜੋ ਹਰੀ ਦਾ ਕੀਰਤਨ ਸੁਣੇ ਤੇ ਹਰੀ ਦਾ ਕੀਰਤਨ ਗਾਵੇ, ਉਸ ਜਨ ਦੇ ਨੇੜੇ ਦੁੱਖ ਨਹੀਂ ਆਉਂਦਾ।

ਗੁਰ ਕਿਰਪਾਲ ਕ੍ਰਿਪਾ ਪ੍ਰਭਿ ਧਾਰੀ ਬਿਨਸੇ ਸਰਬ ਅੰਦੇਸਾ।
ਨਾਨਕ ਸੁਖ ਪਾਇਆ ਹਰਿ ਕੀਰਤਨਿ ਮਿਟਿਓ ਸਗਲ ਕਲੇਸਾ।

(ਗਉੜੀ ਮਹਲਾ ਪੰਜ, ਪੰਨਾ 213)

ਅਰਥਤ ਕਿਰਪਾਲ ਗੁਰੂ ਨੇ ਮੇਰੇ ਤੇ ਕ੍ਰਿਪਾ ਕੀਤੀ ਤਾਂ ਪ੍ਰਭੂ ਨੇ ਕਿਰਪਾ ਕੀਤੀ ਫਿਰ ਸਾਰੇ ਤੌਖਲੇ ਦੂਰ ਹੋ ਗਏ। ਹਰੀ ਕੀਰਤਨ ਨਾਲ ਹੀ ਸਾਰਾ ਸੁਖ ਪ੍ਰਾਪਤ ਹੋਇਆ ਤੇ ਸਾਰੇ ਕਸ਼ਟ ਨਿਵਿਰਤ ਹੋਏ ਹਨ।

ਰਾਜ ਜੋਬਨ ਬਿਸਰੰਤ ਹਰਿ ਮਾਇਆ ਮਹਾ ਦੁਖੁ ਏਹੁ ਮਹਾਂਤ ਕਹੇ।
ਆਸ ਪਿਆਸ ਰਮਣ ਹਰਿ ਕੀਰਤਨ ਏਹੁ ਪਦਾਰਥੁ ਭਾਗਵੰਤ ਲਹੇ।

(ਧਨਾਸਰੀ ਮਹਲਾ ਪੰਜਵਾਂ, ਪੰਨਾ 683)

ਰਾਜ ਅਤੇ ਜਵਾਨੀ ਦੇ ਹੁਲਾਰੇ ਪਰਮਾਤਮਾ ਦਾ ਨਾਮ ਭੁਲਾ ਦੇਂਦੇ ਹਨ। ਮਾਇਆ ਦਾ ਮੋਹ ਵੱਡਾ ਦੁੱਖ ਦਾ ਮੂਲ ਹੈ। ਇਹ ਗੱਲ ਮਹਾਂ ਪੁਰਖ ਦਸਦੇ ਹਨ। ਪਰਮਾਤਮਾ ਦਾ ਕੀਰਤਨ, ਆਸ ਅਤੇ ਤਾਂਘ ਇਹ ਕੀਮਤੀ ਚੀਜ਼ ਕੋਈ ਵਿਰਲਾ ਭਾਗਾਂ ਵਾਲਾ ਮਨੁੱਖ ਪਰਾਪਤ ਕਰਦਾ ਹੈ।

ਆਨਿਕ ਪ੍ਰਕਾਰੀ ਵਸਤੂ ਉਢਾਏ।
ਅਨ ਦਿਨ ਕੀਰਤਨੁ ਹਰਿ ਗੁਣ ਗਾਏ।

(ਧਨਾਸਰੀ ਮਹਲਾ 5, ਪੰਨਾ 684)

ਜਿਹੜਾ ਮਨੁੱਖ ਹਰ ਵੇਲੇ ਕੀਰਤਨ ਰਾਹੀਂ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ ਉਸ ਨੇ ਮਾਨੋ ਭਾਂਤ-ਭਾਂਤ ਦੇ ਕਪੜੇ ਪਹਿਨੇ ਹੋਏ ਹਨ ਅਤੇ ਉਹ ਇਹਨਾਂ ਦਾ ਅਨੰਦ ਮਾਣ ਰਿਹਾ ਹੈ।

ਅਨੰਦ ਸੂਖ ਬਿਸ੍ਰਾਮ ਨਿਤ ਹਰਿ ਕਾ ਕੀਰਤਨੁ ਗਾਇ।

(ਵਾਰ ਰਾਮਕਲੀ ਮਹਲਾ ਪੰਜਵਾਂ, ਪੰਨਾ 962)

ਪ੍ਰਮਾਤਮਾ ਦਾ ਕੀਰਤਨ ਗਾਉਣ ਨਾਲ ਸਦਾ ਅਨੰਦ ਸਦਾ ਸੁਖ ਤੇ ਸਦਾ ਸ਼ਾਂਤੀ ਬਣੀ ਰਹਿੰਦੀ ਹੈ :

ਰੋਗ ਸੋਗ ਦੂਖ ਤਿਸੁ ਨਾਹੀ।
ਸਾਧ ਸੰਗਿ ਹਰਿ ਕੀਰਤਨੁ ਗਾਹੀ।

ਅਰਥਾਤ ਉਸ ਮਨੁੱਖ ਨੂੰ ਕੋਈ ਰੋਗ ਸੋਗ ਦੁਖ ਪੋਹ ਨਹੀਂ ਸਕਦੇ ਜਿਹੜੇ ਗੁਰੂ ਦੀ ਸੰਗਤ ਵਿਚ ਪ੍ਰਮਾਤਮਾ ਦਾ ਕੀਰਤਨ ਕਰਦੇ ਹਨ :

ਦਿਨਸੁ ਰੈਨਿ ਹਰਿ ਕੀਰਤਨੁ ਗਾਈਐ।
ਸੋ ਜਨੁ ਜਮ ਕੀ ਵਾਟ ਨਾ ਪਾਈਐ।

ਅਰਥਾਤ : ਦਿਨ ਰਾਤ ਪ੍ਰਮਾਤਮਾ ਦੀ ਸਿਫਤ ਸਲਾਹ ਦਾ ਕੀਰਤਨ ਗਾਉਂਦੇ ਰਹਿਣਾ ਚਾਹੀਦਾ ਹੈ। ਜਿਹੜਾ ਵਿਅਕਤੀ ਇਹ ਕੰਮ ਕਰਦਾ ਹੈ ਜ਼ਿੰਦਗੀ ਦੇ ਸਫਰ ਵਿਚ ਆਤਮਕ ਮੌਤ ਉਸਦੇ ਨੇੜੇ ਨਹੀਂ ਢੁਕਦੀ।

ਕੀਰਤਨ ਨਾਲ ਸੰਬੰਧਤ ਸਥਾਨ ਦੀ ਮਹੱਤਤਾ ਬਾਰੇ ਗੁਰਬਾਣੀ ਵਿਚ ਫੁਰਮਾਇਆ ਹੈ :—

ਸੋ ਅਸਥਾਨ ਬਤਾਵਹੁ ਮੀਤਾ।
ਜਾ ਕੈ ਹਰਿ ਹਰਿ ਕੀਰਤਨ ਨੀਤਾ।

— — — — — —

ਸਾਧ ਸੰਗਿ ਹਰਿ ਕੀਰਤਨੁ ਗਾਈਐ।
ਇਹੁ ਅਸਥਾਨ ਗੁਰੂ ਤੇ ਪਾਈਐ।

(ਆਸਾ ਮਹਲਾ ਪੰਜਵਾਂ, ਪੰਨਾ 385)

ਹੇ ਮਿਤ੍ਰ! ਉਹ ਕੋਈ ਟਿਕਾਣਾ ਦੱਸੋ ਜਿਥੇ ਕਿ ਹਰੀ ਹਰਿ ਤੇ ਉਸਦਾ ਕੀਰਤਨ ਸਦਾ ਹੁੰਦਾ ਹੋਵੇ। —ਸਾਧੂ ਦੇ ਦੇ ਸੰਗ ਵਿਚ ਹਰੀ ਦਾ ਕੀਰਤਨ ਗਾਵੀਏ ਇਹ ਟਿਕਾਣਾ ਗੁਰੂ ਤੋਂ ਪਾਈਦਾ ਹੈ।

ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ।
ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ।

ਜਮਦੂਤਾਂ ਨੂੰ ਧਰਮ ਰਾਜ ਆਖਦਾ ਹੈ ਜਿਥੇ ਸਾਧੂ ਜਨ ਹੋਵੇ, ਪ੍ਰਮੇਸ਼ਰ ਦਾ ਭਜਨ

ਹੁੰਦਾ ਹੋਵੇ ਅਤੇ ਪਰਮੇਸ਼ਰ ਦਾ ਕੀਰਤਨੁ ਨਿਤ ਹੁੰਦਾ ਹੋਵੇ ਹੈ ਦੂਤ! ਉਥੇ ਨੇੜੇ ਨਾ ਜਾਈਂ ਜੇ ਗਿਆ ਤਾਂ ਨਾਂ ਮੈਂ ਨਾ ਤੂੰ ਕਦਾਚਿਤ ਛੁਟ ਨਹੀਂ ਸਕਾਂਗੇ ਭਾਵ ਇਹ ਅਪਰਾਧ ਹੋਵੇਗਾ ਜਿਸ ਕਰਕੇ ਸਾਨੂੰ ਸਜ਼ਾ ਮਿਲੇਗੀ।

ਸੁਣਿ ਬੇਨਤੀ ਸੁਆਮੀ ਅਪੁਨੇ, ਨਾਨਕ ਇਹ ਸੁਖੁ ਮਾਗੈ।
ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ।

(ਸੋਰਠ ਮਹਲਾ ਪੰਜਵਾਂ, ਪੰਨਾ 310)

ਹੇ ਮੇਰੇ ਸੁਆਮੀ ਮੇਰੀ ਬੇਨਤੀ ਸੁਣ ਮੈਂ (ਨਾਨਕ) ਇਹੋ ਮੰਗ ਮੰਗਦਾ ਹਾਂ ਕਿ ਜਿਥੇ ਤੇਰੇ ਸਾਧੂ ਤੇਰਾ ਕੀਰਤਨ ਗਾਉਂਦੇ ਹੋਣ ਉਥੇ ਮੇਰਾ ਮਨ ਲਗਿ ਜਾਵੇ।

ਤਹ ਬੈਕੁੰਠ ਜਹ ਕੀਰਤਨ ਤੇਰਾ ਤੂੰ ਆਪੇ ਸਰਧਾ ਲਾਇ।

(ਸੂਹੀ ਮਹਲਾ ਪੰਜਵਾਂ, ਪੰਨਾ 749)

ਹੇ ਪ੍ਰਭੂ! ਜਿਸ ਥਾਂ ਤੇਰਾ ਕੀਰਤਨ ਹੋ ਰਿਹਾ ਹੋਵੇ ਮੇਰੇ ਵਾਸਤੇ ਉਹ ਥਾਂ ਬੈਕੁੰਠ ਹੈ ਤੂੰ ਆਪੇ ਹੀ ਕੀਰਤਨ ਦੀ ਸ਼ਰਧਾ ਸਾਡੇ ਅੰਦਰ ਪੈਦਾ ਕਰਦਾ ਹੈ।

ਗੁਰਦੁਆਰੈ ਹਰਿ ਕੀਰਤਨ ਸੁਣੀਐ।
ਸਤਿਗੁਰੁ ਭੇਟਿ ਹਰ ਜਸ ਮੁਖਿ ਭਣੀਐ।

(ਮਾਰੂ ਸੋਹਲੇ ਮਹਲਾ ਪੰਜਵਾਂ, ਪੰਨਾ 1074)

ਗੁਰੂ ਦੇ ਦਰ ਤੇ ਰਹਿ ਕੇ ਪ੍ਰਮਾਤਮਾ ਦਾ ਕੀਰਤਨ ਸੁਣਨਾ ਚਾਹੀਦਾ ਹੈ। ਹਰੀ ਦਾ ਜਸ ਮੂੰਹੋਂ ਉਚਾਰਨਾ ਚਾਹੀਦਾ ਹੈ ਜਿਸ ਨੂੰ ਗੁਰੂ ਮਿਲ ਪੈਂਦਾ ਹੈ ਉਹ ਮਨੁਖ ਸਦਾ ਇਹ ਉਦਮ ਕਰਦਾ ਹੈ।

ਕੀਰਤਨ ਕਰਨ ਵਾਲਾ ਬਿਨਾਂ ਕਿਸੇ ਲਾਲਚ ਅਤੇ ਪਖੰਡ ਦੇ ਕੀਰਤਨ ਗਾਵੇ। ਗੁਰਬਾਣੀ ਦਾ ਫੁਰਮਾਨ ਹੈ :—

ਇਕਿ ਗਾਵਤ ਰਹੇ ਮਨਿ ਸਾਦ ਨਾ ਪਾਇ।
ਹਉਮੈਂ ਵਿਚਿ ਗਾਵਹਿ ਬਿਰਥਾ ਜਾਇ।
ਗਾਵਣਿ ਗਾਵਹਿ ਜਿਨ ਨਾਮ ਪਿਆਰ।
ਸਾਚੀ ਬਾਣੀ ਸਬਦ ਬੀਚਾਰ।

(ਗਉੜੀ ਗੁਆਰੇਰੀ ਮਹਲਾ ਤੀਜਾ, ਪੰਨਾ 158)

ਇਕ ਪੁਰਖ ਹਰੀ ਦੀ ਕੀਰਤੀ ਗਾਉਂਦੇ ਤਾਂ ਰਹਿੰਦੇ ਹਨ ਪਰ ਮਨ ਵਿਚ ਸੁਆਦ ਨਹੀਂ ਮਾਣਦੇ। ਉਹ ਹਉਮੈ ਵਿਚ ਹੋ ਕੇ ਗਾਉਂਦੇ ਹਨ ਇਸ ਕਰਕੇ ਉਹਨਾਂ ਦਾ ਗਾਉਣਾ ਵਿਅਰਥ ਹੋ ਜਾਂਦਾ ਹੈ। ਅਸਲ ਗਾਉਣਾ ਉਹ ਪੁਰਖ ਗਾਉਂਦੇ ਹਨ ਜਿਹਨਾਂ ਦਾ ਹਰੀ ਨਾਮ ਨਾਲ ਪਿਆਰ ਹੁੰਦਾ ਹੈ, ਜੋ ਸੱਚੀ ਬਾਣੀ ਗਾਉਂਦੇ ਹਨ ਤੇ ਗੁਰ ਸ਼ਬਦ ਦਾ ਵਿਚਾਰ ਕਰਦੇ ਹਨ।

ਭਲੋ ਭਲੋ ਰੇ ਕੀਰਤਨੀਆ ।
ਰਾਮ ਰਮਾ ਰਾਮਾ ਗੁਨ ਗਾਉ ।
ਛੋਡਿ ਮਾਇਆ ਕੇ ਧੰਧ ਸੁਆਉ ।

(ਰਾਮਕਲੀ ਮਹਲਾ ਪੰਜਵਾਂ, ਪੰਨਾ 885)

ਹੇ ਭਾਈ 'ਜਿਹੜਾ ਮਨੁਖ ਮਾਇਆ ਦੇ ਧੰਦੇ ਅਤੇ ਲਾਲਚ ਛੱਡ ਕੇ ਕੀਰਤਨ ਕਰਦਾ ਹੈ ਉਹ ਚੰਗਾ ਕੀਰਤਨ ਕਰਨੇ ਵਾਲਾ ਹੈ ।

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਂਤ ਕਰਿ
ਨਹੀਂ ਹਰਿ ਹਰਿ ਭੀਜੈ ਰਾਮ ਰਾਜੇ ।
ਜਿਨਾ ਅੰਤਰਿ ਕਪਟੁ ਵਿਕਾਰੁ ਹੈ,
ਤਿਨਾ ਰੋਇ ਕਿਆ ਕੀਜੈ ।
ਹਰਿ ਕਰਤਾ ਸਭੁ ਕਿਛੁ ਜਾਣਦਾ
ਸਿਰਿ ਰੋਗ ਹਥੁ ਦੀਜੈ ।
ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧ ਹੈ,
ਹਰਿ ਭਗਤਿ ਹਰਿ ਲੀਜੈ ।

ਹੇ ਰਾਮਰਾਜੇ । ਕੋਈ ਰਾਗਾਂ ਨਾਲ ਗਾ ਕੇ ਤੈਨੂੰ ਗਾਉਂਦਾ ਹੈ, ਕੋਈ ਮੂੰਹ ਤੇ ਹੱਥਾਂ ਨਾਲ ਵੱਜਣ ਵਾਲੇ ਵਾਜਿਆਂ ਦੀ ਆਵਾਜ਼ ਨਾਲ ਮੇਲ ਕੇ ਗਾਉਂਦਾ ਹੈ, ਕੋਈ ਵੇਦਾਂ ਧਰਮ ਪੁਸਤਕਾਂ ਦੇ ਅਰਥ ਭਾਵ ਆਦਿ ਵਰਣਨ ਕਰਕੇ ਅਤੇ ਵੇਦ ਧੁਨਾਂ ਪੈਦਾ ਕਰਕੇ ਤੈਨੂੰ ਗਾਉਂਦਾ ਹੈ, ਹੋਰ ਕਈ ਕਿਸਮਾਂ ਤੇ ਤਰੀਕਿਆਂ ਨਾਲ ਤੈਨੂੰ ਗਾਉਂਦਾ ਹੈ ਪਰ ਹਰਿ ਹਰਿ ਸੁਣਕੇ ਪਸੀਜਦਾ ਨਹੀਂ ਕਿਉਂਕਿ ਜਿਹਨਾਂ ਦੇ ਅੰਦਰ ਕਪਟ ਛਲ ਹੈ ਤੇ ਬਦੀ ਹੈ, ਉਹਨਾਂ

ਦੇ ਉਪਰਲੇ ਦਿਲੋਂ ਰੋਣ ਨੂੰ ਕੀ ਕੀਤਾ ਜਾਵੇ ਭਾਵ ਉਸਦਾ ਕੋਈ ਮੁਲ ਨਹੀਂ ਪੈਂਦਾ, ਕਿਉਂਕਿ ਜੇ ਕਿਸੇ ਦੇ ਰੋਗ ਦੇ ਸਿਰ ਤੇ ਹੱਥ ਧਰੀਏ ਭਾਵ ਉਸਨੂੰ ਲੁਕਾਈਏ ਤਾਂ ਰੋਗ ਵੈਦ ਤੋਂ ਨਹੀਂ ਲੁਕਦਾ ਹਰੀ ਕਰਤਾ ਸਭ ਜਾਣਦਾ ਹੈ। ਪਰ ਹੇ ਨਾਨਕ, ਜਿਨ੍ਹਾਂ ਦਾ ਹਿਰਦਾ ਗੁਰੂ ਦੁਆਰਾ ਸ਼ੁੱਧ ਹੈ ਉਹਨਾਂ ਨੂੰ ਹਰੀ ਭਗਤੀ ਦੁਆਰਾ ਹਰੀ ਮਿਲਦਾ ਹੈ ਤੇ ਉਹ ਗੁਰਮੁਖ ਹੋ ਜਾਂਦੇ ਹਨ।

ਗੁਰੂ ਅਮਰਦਾਸ ਜੀ ਆਪਣੇ ਜੋਤੀ ਜੋਤ ਸਮਾਉਣ ਤੋਂ ਪਿਛੋਂ ਵੀ ਹੋਰ ਕਰਮ ਕਾਂਡ ਅਤੇ ਰੋਣ-ਧੋਣ ਦੀ ਬਜਾਇ ਕੀਰਤਨ ਕਰਨ ਦਾ ਉਪਦੇਸ਼ ਦਿੰਦੇ ਹਨ :

ਮੈਂ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ।

(ਰਾਮਕਲੀ ਸਦ, ਸੁੰਦਰ ਜੀ, ਪੰਨਾ 293)

ਕੀਰਤਨ ਦੀ ਮਹੱਤਤਾ ਬਾਰੇ ਕੁੱਝ ਗੁਰੂ ਵਾਕ ਇਸ ਪ੍ਰਕਾਰ ਹਨ :

ਖੁਲਿ੍ਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ।

(ਮਾਰੂ ਮਹਲਾ 5, ਪੰਨਾ 1000)

ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ।

(ਮਾਰੂ ਮਹਲਾ 5, ਪੰਨਾ 1015)

ਐਸਾ ਕੀਰਤਨੁ ਕਰਿ ਮਨ ਮੇਰੇ।
ਈਹਾ ਊਹਾ ਜੋ ਕਾਮਿ ਤੇਰੈ।

(ਗਉੜੀ ਮਹਲਾ 5, ਪੰਨਾ 236)

ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋ।
ਹਰਿ ਕੀਰਤਨੁ ਆਧਾਰੁ ਨਿਹਚਲੁ ਏਹੁ ਧਨੋ।

(ਆਸਾ ਮਹਲਾ 5, ਪੰਨਾ 398)

ਗ੍ਰਿਹਿ ਤਾ ਕੇ ਬਸੰਤੁ ਗਨੀ।
ਜਾ ਕੈ ਕੀਰਤਨੁ ਹਰਿ ਧੁਨੀ।

(ਬਸੰਤ ਮਹਲਾ 5, ਪੰਨਾ 1180)

# ਤੁਹਾਡੇ ਪੱਤਰ

ਵਾਰਤਾ ਗੁਰਬਾਣੀ ਵਿਚ ਕੀਰਤਨ ਦਾ ਸੰਕਲਪ ਮਿਤੀ 27-3-94 ਨੂੰ ਗੁਰਬਾਣੀ ਵਿਚਾਰ ਪ੍ਰੋਗਰਾਮ ਵਿਚ ਆਲ ਇੰਡੀਆ ਰੇਡੀਓ ਜਲੰਧਰ ਤੋਂ ਪ੍ਰਸਾਰਿਤ ਹੋਈ ਸੀ। ਇਸ ਬਾਰੇ ਹੇਠ ਲਿਖੇ ਪਤਰ ਪ੍ਰਾਪਤ ਹੋਏ ਹਨ।

I heard radio talk on 27th Maıch at 5-30 pm. I heard it with genuine delight and great profit As expected it was a great profound discourse on KIRTAN, richly supported with quotqtions from GURBANI. I simply enjoyed it. It was masterly presentation.

Dr. Gurdev Singh Gosel
145, Sector 11-A, Chandigarh

'ਗੁਰਬਾਣੀ ਵਿਚਾਰ' ਪ੍ਰੋਗਰਾਮ ਵਿੱਚ ਰੇਡੀਓ ਤੇ ਵਾਰਤਾ 'ਗੁਰਬਾਣੀ ਵਿੱਚ ਕੀਰਤਨ ਦਾ ਸੰਕਲਪ' ਵਾਰਤਾ ਸੁਣੀ! ਇਹ ਬੜੀ ਖੋਜ ਭਰਪੂਰ ਅਤੇ ਮਿਹਨਤ ਨਾਲ ਤਿਆਰ ਕੀਤੀ ਹੋਈ ਸੀ। ਕੀਰਤਨ ਬਾਰੇ ਗੁਰਬਾਣੀ ਦੀਆਂ ਤੁਕਾਂ ਦੀ ਚੋਣ ਸੁਚੱਜੀ ਅਤੇ ਢੁਕਵੀਂ ਸੀ। ਵਾਰਤਾ ਆਪਣੇ ਆਪ ਵਿੱਚ ਰਸ ਭਿੰਨੀ ਅਤੇ ਸੰਗੀਤਮਈ ਜਾਪਦੀ ਸੀ! ਕੀਰਤਨ ਸੱਚ ਹੀ ਪ੍ਰਧਾਨ ਅਤੇ ਅਨਮੋਲਕ ਹੀਰਾ ਹੈ। ਕਈ ਵਾਰੀ ਕੀਰਤਨ ਸੁਣਦੇ ਸੁਣਦੇ ਦਿਲ ਤੇ ਰਿਕਤ ਜਿਹੀ ਭਾਰੀ ਹੋ ਜਾਂਦੀ ਹੈ ਅਤੇ ਨੈਣਾਂ ਵਿਚੋਂ ਨੀਰ ਵਹਿ ਤੁਰਦਾ ਹੈ—ਇਕ ਵਿਸਮਾਦ ਜਿਸ ਲਈ ਸ਼ਬਦ ਨਹੀਂ ਮਿਲਦੇ!

ਪ੍ਰੀਤਮ ਸਿੰਘ ਸੋਢੀ ਪੀ.ਈ.ਐਸ.(ਰਿ:)
3025, ਸੈਕਟਰ 27-ਡੀ, ਚੰਡੀਗੜ੍ਹ

ਮਿਤੀ 27-3-94 ਨੂੰ ਗੁਰਬਾਣੀ ਵਿਚਾਰ ਪ੍ਰੋਗਰਾਮ ਵਿਚ ਵਾਰਤਾ ਗੁਰਬਾਣੀ ਵਿਚ ਕੀਰਤਨ ਦਾ ਸੰਕਲਪ ਸੁਣੀ। ਬੜੀ ਅੱਛੀ ਲਗੀ। ਬੜੇ ਖੋਜ ਭਰਪੂਰ ਵਿਚਾਰ ਸਨ। ਰਿਕਾਰਡਿੰਗ ਸੁਭਾਵਕ ਸਪਸ਼ਟ ਸੀ। ਚੰਗਾ ਹੁੰਦਾ ਜੇ ਵਾਰਤਾ ਤੋਂ ਬਾਅਦ ਕੋਈ ਸ਼ਬਦ ਵੀ ਡਾ. ਜਾਗੀਰ ਸਿੰਘ ਦਾ ਗਾਇਨ ਕੀਤਾ ਹੋਇਆ ਸੁਣਾ ਦਿੱਤਾ ਜਾਂਦਾ।

ਪਰਮਜੀਤ ਸਿੰਘ ਚੰਡੀਗੜ੍ਹ ਸੰਗੀਤ ਸਭਾ,
414, ਫੇਜ਼ 7-ਏ, ਮੁਹਾਲੀ।

ਅਜ 27-3-94 ਸ਼ਾਮੀ 5-30 ਵਜੇ ਸ਼ੁਰੂ ਹੋਣ ਵਾਲੇ ਗੁਰਬਾਣੀ ਵਿਚਾਰ ਪ੍ਰੋਗਰਾਮ ਵਿਚ ਆਪ ਜੀ ਦੀ ਵਾਰਤਾ ਸਲਾਘਾਯੋਗ ਹੈ। ਆਪ ਜੀ ਨੇ ਗੁਰਬਾਣੀ ਕੀਰਤਨ ਸੰਬੰਧੀ ਬੜੇ ਢੁਕਵੇਂ ਹਵਾਲੇ ਦੇ ਕੇ ਵਾਰਤਾ ਨੂੰ ਸ਼ਿੰਗਾਰਿਆ ਹੈ। ਇਹ ਵਿਚਾਰ ਕਾਫੀ ਠੀਕ ਲੱਗਾ ਹੈ ਕਿ ਸਾਨੂੰ ਮਾਇਆ ਦੇ ਧੰਦੇ ਛੱਡ ਕੇ ਬਿਨਾਂ ਕਿਸੇ ਲਾਲਚ ਦੇ ਕੀਰਤਨ ਵਿਚ ਮਨ ਲਾਉਣਾ ਚਾਹੀਦਾ ਹੈ। ਇਹ ਪ੍ਰਚਾਰ ਕਰਨਾ ਜਰੂਰੀ ਹੈ। ਕੀਰਤਨ ਨਾਲ ਨਿਸ਼ਚੇ ਹੀ ਮਨੁੱਖੀ ਵਿਕਾਰਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ। ਅਜਿਹੀਆਂ ਸਮਸਿਆਵਾਂ ਅਜਿਹੀਆਂ ਮਹਾਨ ਵਾਰਤਾਂ ਰਾਹੀਂ ਸੁਲਝਾਈਆਂ ਜਾ ਸਕਦੀਆਂ ਹਨ।

ਰਾਜਿੰਦਰ ਸਿੰਘ ਢਾਬੜਾ ਨੇੜੇ ਬਸ ਸਟੈਂਡ
ਫਿਰੋਜਪੁਰ ਸ਼ਹਿਰ

ਤੁਹਾਡੀ ਵਾਰਤਾ 'ਗੁਰਬਾਣੀ ਵਿਚ ਕੀਰਤਨ ਦਾ ਸੰਕਲਪ' 27-3-94 ਨੂੰ ਗੁਰਬਾਣੀ ਵਿਚਾਰ ਪ੍ਰੋਗਰਾਮ ਆਲ ਇੰਡੀਆ ਰੇਡੀਓ ਤੋਂ ਬਰੋਡਕਾਸਟ ਹੋਈ ਸੀ; ਜੋ ਕਿ ਨਿਯਮ ਵਜੋਂ ਸੁਣੀ ਸੀ। ਵਾਰਤਾ ਬੜੀ ਵਿਸਥਾਰ ਪੂਰਵਕ ਸੀ। ਇਸ ਬਾਰੇ ਮੇਰੇ ਵਿਚਾਰ ਕੁਝ ਵੱਖਰੇ ਹਨ ਜਿਵੇਂ ਕਿ ਕੀਰਤਨ ਕਰਨਾ ਹਰੇਕ ਦੇ ਵਸ ਦਾ ਰੋਗ ਨਹੀਂ ਹੈ। ਕੀਰਤਨ ਸੁਣਨ ਲਈ ਵੀ ਸਮੇਂ ਦੀ ਬੜੀ ਮਜ਼ਬੂਰੀ ਹੈ। ਇਸ ਲਈ ਜਿਥੋਂ ਤਕ ਹੋ ਸਕੇ ਹਰੇਕ ਨੂੰ ਗੁਰਬਾਣੀ ਦਾ ਸਿਮਰਨ ਕਰਨਾ ਚਾਹੀਦਾ ਹੈ ਜਿਹੜਾ ਕਿ ਆਦਮੀ ਕਿਸੇ ਵੀ ਖਾਲੀ ਟਾਈਮ ਵਿਚ ਕਰ ਸਕਦਾ ਹੈ।

ਡਾ. ਤ੍ਰਿਸਨਜੀਤ ਸਿੰਘ
ਲੁਧਿਆਣਾ।

ਆਪ ਜੀ ਦੀ ਰਸਨਾ ਤੋਂ ਹੁਣੇ ਹੀ ਰੇਡੀਓ ਜਲੰਧਰ ਗੁਰਬਾਣੀ ਵਿਚਾਰ ਤੋਂ ਮਨੋਹਰ ਬਚਨ ਕੀਰਤਨ ਦੀ ਮਹਾਨਤਾ ਗੁਰਮਤਿ ਵਿਚ ਬਹੁਤ ਹੀ ਸਲਾਘਾ ਯੋਗ ਹੈ। ਆਪ

ਜੀ ਨੇ ਗੁਰਬਾਣੀ ਦੀਆਂ ਤੁਕਾਂ ਦਸ ਕੇ ਪ੍ਰਤੱਖ ਸਰੋਤਿਆਂ ਨੂੰ ਦਰਸਾਇਆ ਹੈ। ਸਤਿਗੁਰੂ ਜੀ ਆਪ ਜੀ ਤੇ ਦਿਨ ਦੂਣੀ ਰਾਤ ਚੌਗੁਣੀ ਬਖਸ਼ਿਸ ਕਰਨ। ਆਪ ਜੀ ਦੀ ਵਾਰਤਾ ਤੋਂ ਬਾਅਦ ਭਾਈ ਬਖਸ਼ੀਸ਼ ਸਿੰਘ ਜੀ ਦਾ ਗਾਇਆ ਹੋਇਆ ਸ਼ਬਦ ਵੀ ਇਸੇ ਨਾਲ ਢੁੱਕਵਾਂ ਸੀ। ਵਾਰਤਾ ਬਹੁਤ ਹੀ ਸਾਫ਼ ਤੇ ਚੰਗੀ ਤਰ੍ਹਾਂ ਸਮਝ ਆਉਣ ਵਾਲੀ ਸੀ।

ਗੁਰਬਖਸ਼ ਕੌਰ ਸੂਰੀ
1021, 36/ਸੀ ਚੰਡੀਗੜ੍ਹ

'ਗੁਰਬਾਣੀ ਵਿਚ ਕੀਰਤਨ ਦਾ ਸੰਕਲਪ' ਵਾਰਤਾ' ਰੇਡੀਓ ਤੋਂ ਸੁਣੀ। ਬਹੁਤ ਹੀ ਸੁਲਝੀ ਹੋਈ ਵਾਰਤਾ ਸੀ। ਗਰਬਾਣੀ ਵਿਚੋਂ ਢੁਕਵੇਂ ਪ੍ਰਮਾਣ ਦੇ ਕੇ ਹੋਰ ਪ੍ਰਭਾਵਸ਼ਾਲੀ ਬਣਾਇਆ। ਇਸ ਵਿੱਚ ਕੀਰਤ, ਹੋਮ. ਜਗ, ਕਰਮ, ਧਰਮ, ਮਨ ਅਤੇ ਮਨੁੱਖੀ ਜੀਵਨ ਦੇ ਦ੍ਰਿਸਟਾਂਤ ਭੀ ਦਿਤੇ। ਤਹਾਂ ਬੈਕੁੰਠ—ਕੋਈ ਗ ਵੈ ਰਾਗੀ ਨਾਦੀ ਆਦਿ ਹਵਾਲੇ ਦੇ ਕੇ ਨਿਰਬਾਣ ਕੀਰਤਨ ਕਰਨ ਦਾ ਉਪਦੇਸ਼ ਸਤਿਗੁਰੂ ਜੀ ਦੀ ਬਾਣੀ ਅਨੁਸਾਰ ਪ੍ਰੇਰਨਾ ਕੀਤੀ। ਪਰੰਤੂ ਅਜ ਦੇ ਜੁਗ ਵਿਚ ਐਸਾ ਕੀਰਤਨ ਕਰਨ ਵਾਲੇ ਕਿਵੇਂ ਪ੍ਰਗਟ ਹੋਵਨ ?

ਪ੍ਰੋ. ਅਵਤਾਰ ਸਿੰਘ ਨਾਜ
228/7 ਰਾਮ ਗਲੀ ਜੋੜਾ ਪਿਪਲ ਅੰਮ੍ਰਿਤਸਰ

# ਭਾਈ ਬਲਦੇਵ ਸਿੰਘ ਜੀ

ਭਾਈ ਚਰਨਜੀਤ ਸਿੰਘ, ਮਲੋਟ ਮੰਡੀ

ਭਾਈ ਬਲਦੇਵ ਸਿੰਘ ਜੀ ਪਿੰਡ ਧੌਲਾ ਜ਼ਿਲ੍ਹਾ ਫਰੀਦਕੋਟ ਦੇ ਜੰਮਪਲ ਹਨ। ਆਪ ਨੂੰ ਕੀਰਤਨ ਦੀ ਪ੍ਰੇਰਨਾ ਪਿੰਡ ਦੇ ਗੁਰਦੁਆਰੇ ਦੇ ਗਰੰਥੀ ਭਾਈ ਕਿਰਪਾਲ ਸਿੰਘ ਤੇ ਪ੍ਰਸਿੱਧ ਸੰਗੀਤਕਾਰ ਪ੍ਰੋ: ਸੰਗਤ ਸਿੰਘ ਮਸਤਾਨਾ ਤੋਂ ਮਿਲੀ। ਭਾਈ ਕ੍ਰਿਪਾਲ ਸਿੰਘ 'ਮਨੀਆ ਵਾਲੇ' ਤਰਨਾ ਦਲ ਦ ਸਿੰਘ ਹਨ ਅਤੇ ਟਕਸਾਲੀ ਪਾਠੀ ਹੋਣ ਦੇ ਨਾਲ ਮਾਹਿਰ ਤਬਲਾ-ਵਾਦਕ ਵੀ ਹਨ। ਪ੍ਰੋ: ਸੰਗਤ ਸਿੰਘ ਮਸਤਾਨਾ ਧੌਲਾ ਵਿਖੇ ਕੀਰਤਨ ਕਰਦੇ ਤੇ ਭਾਈ ਕਿਰਪਾਲ ਸਿੰਘ ਉਹਨਾਂ ਨਾਲ ਤਬਲੇ ਦੀ ਸੰਗਤ ਕਰਦੇ। ਇਥੋਂ ਹੀ ਆਪ ਨੂੰ ਕੀਰਤਨ ਦੀ ਲਗਨ ਲੱਗੀ ਤੇ ਸ਼ਬਦ-ਕੀਰਤਨ ਦਾ ਸ਼ੌਂਕ ਪੈਦਾ ਹੋਇਆ। ਭਾਈ ਕਿਰਪਾਲ ਸਿੰਘ ਦੇ ਉਤਸ਼ਾਹ ਤੇ ਪਰੇਮ ਨਾਲ ਆਪ ਨੇ ਪ੍ਰੋ: ਸੰਗਤ ਸਿੰਘ ਮਸਤਾਨਾ ਨੂੰ ਉਸਤਾਦ ਧਾਰਿਆ ਤੇ ਬਾਅਦ ਵਿਚ ਭਾਈ ਜਸਪਾਲ ਸਿੰਘ ਇੰਗਲੈਂਡ ਵਾਲਿਆਂ ਪਾਸੋਂ ਬਾਕਾਇਦਾ ਤਬਲਾ ਸਿੱਖਿਆ। ਆਪ ਨੇ ਸਕੂਲ ਦੀ ਪੜ੍ਹਾਈ ਬਿਲਕੁੱਲ ਨਹੀਂ ਕੀਤੀ ਤੇ ਸੁਰ-ਗਿਆਨ ਵਾਂਗ ਸ਼ਬਦ-ਗਿਆਨ ਵੀ ਗੁਰੂ-ਘਰ ਵਿਚੋਂ ਹੀ ਪ੍ਰਾਪਤ ਕੀਤਾ ਹੈ। ਸ਼ਬਦ-ਕੀਰਤਨ ਸਿਖਦਿਆਂ ਹੀ ਆਪ ਨੇ ਗੁਰਦੁਆਰਾ ਭਾਈ ਜਗਤਾ ਜੀ ਮਲੋਟ ਵਿਖੇ ਰਾਗੀ ਭਾਈ ਧਰਮ ਸਿੰਘ ਨਾਲ ਤਬਲੇ ਦੀ ਸੇਵਾ ਕੀਤੀ ਤੇ ਭਾਈ ਧਰਮ ਸਿੰਘ ਪਾਸੋਂ ਵੀ ਰਾਗ-ਵਿਦਿਆ ਹਾਸਲ ਕੀਤੀ। ਇਸ ਲਗਨ ਤੇ ਮਿਹਨਤ ਸਦਕਾ ਹੁਣ ਆਪ ਸੁਤੰਤਰ ਕੀਰਤਨ ਕਰਦੇ ਹਨ। ਆਪ ਜ਼ਿਆਦਾਤਰ ਦੂਸਰੇ ਨਾਮੀ ਕੀਰਤਨਕਾਰਾਂ ਦੀਆਂ ਰੀਤਾਂ (ਟਿਊਨਾਂ) ਹੀ ਗਾਉਂਦੇ ਹਨ ਅਤੇ ਵਿਸ਼ਸ਼ਤਾ ਇਹ ਹੈ ਕਿ ਆਪ ਕਿਸੇ ਵੀ ਰਾਗੀ-ਕਲਾਕਾਰ ਦੀ ਰੀਤ ਗਾਉਣ ਬਿਲਕੁੱਲ ਉਹੋ ਜਿਹੀ ਹੀ ਆਵਾਜ਼ ਕੱਢਦੇ ਹਨ ਤੇ ਜ਼ਰਾ ਫਰਕ ਨਹੀਂ ਪੈਣ ਦਿੰਦੇ। ਜੇ ਅੱਖਾਂ ਬੰਦ ਕਰਕੇ ਇਹਨਾਂ ਦਾ ਕੀਰਤਨ ਸੁਣੀਏ ਤਾਂ ਕਿਸੇ ਨਾ ਕਿਸੇ ਨਾਮੀ ਕਲਾਕਾਰ ਦੀ ਤਸਵੀਰ ਅੱਖਾਂ ਅੱਗੇ ਆ ਜਾਂਦੀ ਹੈ ਤੇ ਉਸੇ ਦੀ ਆਵਾਜ਼ ਸੁਣਾਈ ਦਿੰਦੀ ਹੈ, ਇਹ ਹੀ ਹੈ ਆਪ ਦੀ ਕਲਾਕਾਰੀ ਦਾ ਕਮਾਲ! ਆਪ ਭਾਈ ਬਖਸ਼ੀਸ਼ ਸਿੰਘ, ਭਾਈ ਰਜਿੰਦਰ ਸਿੰਘ ਦੁਬਈ ਵਾਲੇ, ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲੇ ਭਾਈ ਸਾਧੂ ਸਿੰਘ ਦੇਹਰਾਦੂਨ ਤੇ ਪ੍ਰੋ: ਦਰਸ਼ਨ ਸਿੰਘ ਖਾਲਸਾ ਦੀਆਂ ਰੀਤਾਂ ਵਧੇਰੇ ਗਾਉਂਦੇ ਹਨ। ਆਪ ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲੇ, ਸੰਤ ਅਨੂਪ ਸਿੰਘ ਜੀ ਤੇ ਸੰਤ ਨਿਰੰਜਨ ਸਿੰਘ ਜਵੱਦੀ ਕਲਾਂ ਵਾਲਿਆਂ ਦੇ ਕੀਰਤਨ ਤੋਂ ਬਹੁਤ ਪ੍ਰਭਾਵਿਤ ਹਨ।

# ਸੰਗੀਤ ਲਿਪੀ

—ਜੀ. ਐਸ. ਸਰਦਾਰ
1/98 ਰਾਜਿੰਦਰ ਨਗਰ,
ਨਵੀਂ ਦਿੱਲੀ

## ਰਾਗ ਲਲਿਤ

ਇਹ ਰਾਗ ਦੋ ਥਾਟਾਂ ਵਿਚ ਗਾਇਆ ਜਾਂਦਾ ਹੈ। ਮਾਰਵਾ ਥਾਟ ਵਿਚ ਗਾਉਣ ਸਮੇਂ 'ਧ' ਸ਼ੁਧ ਲਗਾਂਦੇ ਹਨ। ਜਦ ਕਿ ਭੈਰਵੀ ਥਾਟ ਵਿਚ ਗਾਉਣ ਵਾਲੇ 'ਧ' ਕੋਮਲ ਲਗਾਂਦੇ ਹਨ। ਬਾਕੀ ਸਾਰਾ ਇਕੋ ਜਿਹਾ ਹੀ ਰਹਿੰਦਾ ਹੈ। ਇਸ ਵਿਚ 'ਪ' ਬਿਲਕੁਲ ਵਰਜਿਤ ਹੈ ਅਤੇ ਦੋਨੋਂ 'ਮ' ਨਾਲ ਨਾਲ ਲਗਾਏ ਜਾਂਦੇ ਹਨ। ਸੰਗੀਤ ਸ਼ਾਸਤਰ ਅਨੁਸਾਰ ਕਿਸੇ ਵੀ ਸੁਰ ਦੇ ਦੋ ਰੂਪ ਇਕੱਠੇ ਲਗਾਣਾ ਨਿਯਮ ਦੀ ਉਲੰਘਣਾ ਹੈ। ਲੇਕਿਨ ਇਸ ਰਾਗ ਵਿਚ ਦੋਨੋਂ 'ਮ' ਇਕੱਠੇ ਲਗਦੇ ਹਨ ਅਤੇ ਰਾਗ ਦਾ ਰੂਪ ਖ਼ੂਬ ਖਿਲਦਾ ਹੈ। 'ਗ ਮ ਮੇ ਮ' ਰਾਗ ਦਾ ਮੁਖ ਅੰਗ ਹੈ।

ਵਾਦੀ-ਸ਼ੁਧ ਮ ਅਤੇ ਸੰਵਾਦੀ ਸ। ਇਹ ਰਾਗ ਰਾਤ ਦੇ ਚੌਥੇ ਪਹਿਰ ਵਿਚ ਗਾਇਆ ਜਾਂਦਾ ਹੈ।

ਨਿਆਸ ਦੇ ਸੁਰ—ਗ ਅਤੇ ਮ
ਆਰੋਹ—ਨ਼ੀ ਰੇ ਗ ਮ ਮੇ ਮ ਗ ਮੇ ਧ਼ ਨੀ ਸਂ।
ਅਵਰੋਹ—ਸਂ ਨੀ ਧੁ ਮੇ ਮ ਗ ਰੇ ਸ।
ਪਕੜ—ਨ਼ੀ ਰੁ ਗ ਮ, ਮੇ ਮ ਗ, ਮੇ ਧੁ ਮੇ ਮ ਗ ऽ ਮੇ ਗ ਰੁ ਸ।

ਸਲੋਕ ਮਹਲਾ ੫ ॥
ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਾਇਓਈ ॥
ਤਰਸੁ ਪਾਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥
ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥ ੧ ॥

Slok 5th Guru.
I have appreciated not, what thou hast done for me,
O Lord. Thou hast made me worthy of Thy service.
In me, meritless one, there is no virtue.
Thou, of Thyself, O my Lord, has taken pity on me.

Thou hast shown mercy and rained Thine benedicion on me. I have now met with the True Guru, my friend. Nanak, if I am blessed with the Lord's Name, then alone live I and my body and soul blossom forth.

ਸਲੋਕ ਪੰਜਵੀਂ ਪਾਤਸ਼ਾਹੀ ।
ਜਿਹੜਾ ਕੁਛ ਤੂੰ ਮੇਰੇ ਲਈ ਕੀਤਾ ਹੈ, ਮੈਂ ਉਸ ਦੀ ਕਦਰ ਨਹੀਂ ਪਾਈ, ਹੇ ਪ੍ਰਭੂ ! ਤੂੰ ਮੈਨੂੰ ਆਪਣੀ ਸੇਵਾ ਦੇ ਲਾਇਕ ਬਣਾਇਆ ਹੈ ।
ਮੈਂ ਗੁਣ-ਵਿਹੂਣ ਵਿਚ ਕੋਈ ਨੇਕੀ ਨਹੀਂ । ਤੂੰ, ਹੇ ਮੇਰੇ ਸਾਈਂ ! ਖ਼ੁਦ-ਬ-ਖ਼ੁਦ ਹੀ ਮੇਰੇ ਉਤੇ ਰਹਿਮਤ ਧਾਰੀ ਹੈ ।
ਤੂੰ ਮੇਰੇ ਉਤੇ ਕਿਰਪਾਲਤਾ ਕੀਤੀ ਹੈ ਅਤੇ ਆਪਣੀ ਮਿਹਰ ਮੇਰੇ ਤੇ ਬਰਸਾਈ ਹੈ । ਮੈਂ ਹੁਣ ਸਚੇ ਗੁਰਦੇਵ, ਆਪਣੇ ਮਿੱਤਰ ਨੂੰ ਮਿਲ ਪਿਆ ਹਾਂ ।
ਨਾਨਕ, ਜੇਕਰ ਮੈਨੂੰ ਪ੍ਰਭੂ ਦੇ ਨਾਮ ਦੀ ਦਾਤ ਮਿਲਦੀ ਹੈ, ਕੇਵਲ, ਤਦ ਹੀ ਮੈਂ ਜੀਉਂਦਾ ਹਾਂ ਅਤੇ ਮੇਰੀ ਦੇਹ ਤੇ ਆਤਮਾ ਪ੍ਰਫੁਲਤ ਹੁੰਦੇ ਹਨ ।

## ਸਥਾਈ (ਤਿੰਨ ਤਾਲ)

| | | | | | | | | | | | | | | | |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| | | | | | | | | ਨ਼ੀ | ਰੁ | ਮੇ | ਗ | ਨ਼ੀ | ਰੁ | ਸ | ਗ |
| | | | | | | | | ਨਾ | s | ਨ | ਕ | ਨਾ | s | ਮ | ਮਿ |
| ਮ | - | ਮ | ਗ | ਗਮ | ਮੇ | ਮ | - | ਮੇ | ਧੁ | ਮੇ | ਧੁ | ਸਂ | - | ਸਂ | - |
| ਲੈ | s | ਤਾ | s | ਜਿਹ | s | ਵਾ | s | ਤ | ਨ | ਮ | ਨ | ਥੀ | s | ਵੈ | s |
| ਨੀ | ਰੇਂ | ਨੀ | ਧੁ | ਮੇ | ਧੁ | ਮੇ | ਮ | | | | | | | | |
| ਹ | ਰਿ | s | s | ਆ | s | s | s | | | | | | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਮੇ | ਧੁ | ਮੇ | ਧੁ | ਸਂ | - | ਸਂ | - |
| | | | | | | | | ਤੇ | s | ਰਾ | s | ਕੀ | s | ਤਾ | s |
| ਸਂ | - | ਸਂ | ਨੀ | ਰੇਂ | - | ਸਂ | - | ਨੀ | ਰੁਂ | ਗਂ | ਰੁਂ | ਨੀ | ਰੁਂ | ਸਂ | ਸਂ |
| ਜ਼ਾ | s | ਤੋਂ | s | ਨਾਂ | s | ਹੀ | s | ਮੈ | s | ਨੋਂ | s | ਜੋ | s | ਗ | ਕੀ |
| ਨੀ | ਰੁਂ | ਨੀ | ਧੁ | ਮੇ | ਧੁ | ਮੇ | ਮ | | | | | | | | |
| ਤੋਂ | s | s | s | s | s | ਈ | s | | | | | | | | |
| × | | | | 2 | | | | 0 | | | | 3 | | | |

# ਕੀਰਤਨ ਅਤੇ ਕੀਰਤਨੀਆਂ

—ਪੇਸ਼ਕਸ਼ : ਜਗਸੀਰ ਸਿੰਘ
ਸਰਕਾਰੀ ਹਸਪਤਾਲ ਭਸੌੜ,
ਜ਼ਿਲਾ ਸੰਗਰੂਰ।

ਕੀਰਤਨ ਹੈ ਵਾਹਿਗੁਰੂ ਜੀ ਦਾ ਜਸ ਕਰਨਾ, ਉਸ ਦੇ ਗੁਣਾਂ ਦਾ ਰਾਗ ਵਿਚ ਗਾਇਨ ਕਰਨਾ, ਸਿਫਤ ਸਲਾਹੁਤ ਕਰਨੀ। ਗੁਰਮਤਿ ਅਤੇ ਗੁਰ ਸਿਖੀ ਵਿਚ ਕੀਰਤਨ ਦੀ ਮਹਿਮਾ ਹੈ, ਇਸ ਨੂੰ ਇਕ ਅਮੋਲਕ ਦਾਤ ਮੰਨਿਆ ਗਿਆ ਹੈ। ਸਤਿਗੁਰ ਜੀ ਨੇ ਤਾਂ 'ਕੀਰਤਨੁ ਨਿਰਮੋਲਕ ਹੀਰਾ' ਕਿਹਾ ਹੈ। ਕਿਉਂ ? ਇਸ ਲਈ ਕਿ ਇਹ ਅਮੁੱਲ ਬਖਸ਼ਿਸ਼ ਹੈ ਜੋ ਮਨਾਂ ਦੀ ਮੈਲ ਕਢਦਾ ਹੈ ਤੇ ਦੁਰਮਤਿ ਨੂੰ ਨਾਸ਼ ਕਰਦਾ ਹੈ :—

ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸੁ ॥

ਹਾਂ, ਦੁੱਖਾਂ ਕਲੇਸ਼ਾਂ ਨੂੰ ਮੇਟਕੇ ਇਹ ਪਰਮ ਸੁਖ ਬਖ਼ਸ਼ਦਾ ਹੈ : 'ਨਾਨਕ ਸੁਖ ਪਾਇਆ ਹਰਿ ਕੀਰਤਨ ਮਿਟਿਓ ਸਗਲ ਕਲੇਸਾ' ॥ ਮਨ ਸ਼ੀਸ਼ੇ ਦੀ ਜਨਮ ਜਨਮਾਤਰਾਂ ਦੀ ਮੈਲ ਨੂੰ ਕੱਟ ਕੇ ਉਸ ਵਿਚ ਵਾਹਿਗੁਰੂ ਪ੍ਰੇਮ ਦਾ ਰੰਗ ਰਸ ਚਿੱੜਰ ਦਿੰਦਾ ਹੈ। ਜੀਵ ਨੂੰ ਸਾਈਂ ਦੀ ਮਿਹਰ ਦਾ ਪਾਤਰ ਬਣਾ ਕੇ ਉਸ ਨਾਲ ਜੋੜ ਦਿੰਦਾ ਹੈ। ਕੀਰਤਨ ਦਾਤਾ ਹੈ ਹਰੀ ਧਨ ਦਾ, ਜਿਸ ਧਨ ਨੂੰ ਖਾਣ ਖਰਚਣ ਨਾਲ ਤੋਟ ਨਹੀਂ ਆਉਂਦੀ, ਸਗੋਂ ਜਿਤਨਾ ਵਰਤੋ ਉਤਨਾ ਵਧਦਾ ਹੈ। ਹਾਂ, ਇਹ ਕੀਰਤਨ ਮਨ ਦੀ ਧਰਤੀ ਨੂੰ ਵਾਹ, ਗੋਡ ਤੇ ਜਲ ਖਾਦ ਸਿੰਜਕੇ ਮਨ ਦੇ ਬੀਜਣ ਲਈ ਤਿਆਰ ਕਰ ਦਿੰਦਾ ਹੈ, ਤੇ ਜਦ ਇਹ ਬੀਜ ਬੀਜਿਆ ਜਾਵੇ ਤਾਂ ਫਿਰ ਮਨ ਦੇ ਖੇਤ, ਹਾਂ ਮਨ ਦੇ ਬਾਗ ਦੇ ਖੇੜੇ ਦੀ ਪ੍ਰਤਿਪਾਲਾ ਤੇ ਸੰਭਾਲ ਕਰਦਾ ਹੈ :

ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਉਰਿ ਹਰਿ ਲਾਗੁ ॥
ਸਭ ਤਨੁ ਮਨੁ ਹਰਿਆ ਹੋਇਆ ਮਨ ਖਿੜਿਆ ਹਰਿਆ ਬਾਗੁ ॥
(ਵਾਰ ਬਿਲਾਵਲ ਮਹਲਾ ੪, ਪੰਨਾ 849)

ਸਤਿਗੁਰਾਂ ਨੇ ਤਾਂ ਸਾਨੂੰ ਇਹ ਵੀ ਦੱਸ ਦਿਤਾ ਹੈ ਕਿ ਹਰਿ ਕੀਰਤਨ ਮਨੁਖ ਦਾ ਜਨਮ ਮਰਨ, ਆਵਾਗੌਣ ਮੇਟ ਦਿੰਦਾ ਹੈ :

'ਹਰਿ ਦਿਨੁ ਰੈਨਿ ਕੀਰਤਨ ਗਾਈਐ ॥
ਬਹੁੜਿ ਨ ਜੋਨੀ ਪਾਈਐ ॥'

(ਸੋਰਠ ਮਹਲਾ 5, ਪੰਨਾ 623)

ਜਿਥੇ ਕੀਰਤਨ ਹੁੰਦਾ ਹੈ, ਉਹ ਸਥਾਨ ਬੈਕੁੰਠ ਸਮਾਨ ਹੁੰਦਾ ਹੈ। 'ਤਹਾਂ ਬੈਕੁੰਠ ਜਹ ਕੀਰਤਨ ਤੇਰਾ' ਪੰਚਮ ਗੁਰੂ ਦਾ ਫ਼ਰਮਾਨ ਹੈ; ਇਸੇ ਕਰਕੇ ਕੀਰਤਨ ਦੇ ਮੰਡਲ ਵਿਚ ਰਹਿਣ ਵਾਲਿਆਂ ਦੇ ਨੇੜੇ ਜਮ ਦੇ ਦੂਤ ਨਹੀਂ ਫਟਕ ਸਕਦੇ। ਕੀਰਤਨ ਮੰਡਲ ਵਿਚ ਜਮਦੂਤ ਪ੍ਰਵੇਸ ਨਹੀਂ ਕਰ ਸਕਦੇ, ਕਿਉਂਕਿ ਉਹਨਾਂ ਨੂੰ ਜਮਰਾਜ ਦੀ ਤਾੜਨਾ ਹੈ ਕਿ ਖ਼ਬਰਦਾਰ; ਤੁਸਾਂ ਕੀਤਰਨ ਮੰਡਲ ਵਿਚ ਵਸਦੇ ਕਿਸੇ ਜੀਵ ਨੂੰ ਫੜਨ ਨਹੀਂ ਜਾਣਾ, ਜੇ ਜਾਓਗੇ ਤਾਂ ਨਾ ਮੈਂ ਤੇ ਨਾ ਤੁਸੀਂ ਛੁਟ ਸਕੋਗੇ :

ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ ॥

ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥

(ਗਉੜੀ ਬਾ: ਆ: ਮ: ੫)

ਵਾਹਿਗੁਰੂ ਦਾ ਕੀਰਤਨ ਸ੍ਰੋਮਣੀ ਕਰਮਾਂ ਤੋਂ ਵੀ ਸ੍ਰੋਮਣੀ ਕਰਮ ਹੈ : 'ਹਰਿ ਕੀਰਤਿ ਸਾਧ ਸੰਗੀਤ ਹੈ ਸਿਰ ਕਰਮਨ ਕੈ ਕਰਮਾ ॥' ਇਹ ਦੋਹਾ ਲੋਕਾਂ ਦਾ ਸਹਾਈ ਹੈ। ਇਸ ਜਗਤ ਵਿਚ ਇਹ ਅਪਦਾ ਤੇ ਭਉ ਨੂੰ ਮੇਟਦਾ ਹੈ, ਮਨ ਨੂੰ ਨੱਸਣ ਭੱਜਣ ਤੋ ਭਟਕਣ ਤੋਂ ਰੋਕ ਕੇ ਸੀਤਲਤਾ ਬਖਸ਼ਦਾ ਤੇ ਸਹਿਜ ਸੁਖਾਂ ਵਿਚ ਟਿਕਾ ਦਿੰਦਾ ਹੈ। ਪੰਜੇ ਵਿਕਾਰ ਵਸ ਕਰ ਦਿੰਦਾ ਤੇ ਹਉਮੈ ਤੋਂ ਛੁਟਕਾਰਾ ਦਿਵਾ ਦਿੰਦਾ ਹੈ, ਸੋ ਇਹਨਾਂ ਤੋਂ ਪੈਦਾ ਹੋਣ ਵਾਲੇ ਦੁੱਖ ਆਪੇ ਹੀ ਦੂਰ ਰਹਿਣੇ ਹੋਏ। ਇਹ ਤਾਂ ਹੋਈ ਇਸ ਕੀਰਤਨ ਦੀ ਇਸ ਲੋਕ ਵਿਚ ਸਹਾਇਤਾ। ਇਹ ਪਰਲੋਕ ਵਿਚ ਵੀ ਜੀਵ ਦਾ ਜਨਮ ਮਰਨ ਮੇਟ ਕੇ ਵਾਹਿਗੁਰੂ ਦੀ ਦਰਗਾਹ ਵਿਚ ਅਪੜਾ ਦਿੰਦਾ ਤੇ ਸੁਰਤ ਵਿਚ ਸਮਾਈ ਬਖਸ਼ ਦਿੰਦਾ ਹੈ, ਸੋ 'ਐਸਾ ਕੀਰਤਨ ਕਰਿ ਮਨ ਮੇਰੇ ॥ ਈਹਾ ਊਹਾ ਜੋ ਕਾਮਿ ਤਰੈ ॥'

'ਕੀਰਤਨ ਨਿਰਮੋਲਕ ਹੀਰਾ' ਕੀਰਤਨ ਦੇ ਕਰਨ ਵਾਲੇ ਦੀ ਵੀ ਗੁਰੂ ਜੀ ਨੇ ਮਹਿਮਾ ਕੀਤੀ ਹੈ, ਉਸ ਨੂੰ ਭਲਾ ਕਿਹਾ ਹੈ, 'ਭਲੋ ਭਲੋ ਰੇ ਕੀਰਤਨੀਆ'। ਇਹ ਕੀਰਤਨੀਏ ਨੂੰ ਸਤਿਗੁਰੂ ਜੀ ਦਾ ਥਾਪੜਾ ਹੈ, ਬਖਸ਼ਿਸ਼ ਹੈ, ਅਪਾਰ ਬਖਸ਼ਿਸ਼, ਪਰ ਤਾਂ ਜੇ ਉਹ ਮਾਇਆ ਦੇ ਧੰਧ ਸੁਆਉ ਛੱਡਕੇ ਇਕ ਓਅੰਕਾਰ ਦੀ ਧੁਨਿ ਲਗਾਕੇ ਇਕੋ ਰਾਗ ਅਲਾਪੇ। ਐਸੇ ਕੀਰਤਨੀਏ ਨੂੰ ਗੁਰੂ ਜੀ ਦਾ ਇਹ ਖਿਤਾਬ ਫ਼ਖ਼ਰਯੋਗ ਹੈ। ਪਰ ਜਗਤ ਦੇ ਲੋਕਾਂ ਵਲੋਂ ਦਿੱਤੀ ਗਈ ਵਾਹਵਾ ਕੀਰਤਨੀਏ ਨੂੰ ਸੁਖਦਾਈ ਨਹੀਂ, ਉਹ ਉਸ ਨੂੰ ਉਚੇ ਬਖ਼ਸ਼ਿਸ਼ ਦੇ ਪੱਧਰ ਤੋਂ ਡੇਗਣ ਵਾਲੀ ਹੈ। ਕਿਉਂ ? ਇਸ ਨੁਕਤੇ ਪਰ ਇਕ ਵਾਰ ਸਤਿਕਾਰਯੋਗ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ, ਉਹਨਾਂ ਨੂੰ ਮਿਲਣ ਆਏ ਕੁਝ ਕੀਰਤਨੀਏ ਸਿੰਘਾਂ ਨੂੰ ਸਮਝਾਉਂਦਿਆਂ ਕੁਝ ਇਸ ਤਰ੍ਹਾਂ ਦੀ ਰੌਸ਼ਨੀ ਪਾਈ ਸੀ :

"ਕੀਰਤਨ ਬੜੀ ਅਮੋਲਕ ਦਾਤ ਹੈ, ਜਿਸ ਨੂੰ ਵਾਹਿਗੁਰੂ ਬਖਸੇ। ਪਰ ਕੀਰਤਨ ਕਰਨ ਵਾਲੇ ਨੂੰ ਬੜਾ ਸੰਭਲਣਾ ਚਾਹੀਦਾ ਹੈ। ਇਹ ਸ਼ੈ ਲਾਭਕਾਰੀ ਬੜੀ ਭਾਰੀ ਹੈ, ਪਰ ਡੇਗਣ ਵਾਲੀ ਵੀ ਹੈ, ਇਸ ਲਈ ਬੜੀ ਸਾਵਧਾਨਤਾ ਦੀ ਲੋੜ ਹੈ। ਡੇਗਣ ਵਾਲੀ

ਕਿਉਂ ? ਇਸ ਲਈ ਕਿ ਜੇ ਕੀਰਤਨ ਕਰਨ ਵਾਲੇ ਦੇ ਮਨ ਵਿਚ ਅਭਿਮਾਨ ਤੇ ਹੰਕਾਰ ਆ ਜਾਏ ਤਾਂ ਪਾਪਾਂ ਦੀ ਪੰਡ ਭਾਰੀ ਹੋ ਜਾਏਗੀ । ਜੇ ਕੀਰਤਨ ਦੇ ਸਮੇਂ ਮਨ ਵਿਚ ਇਹ ਆ ਗਿਆ ਕਿ ਸਰੋਤੇ ਪ੍ਰਸੰਨ ਹੋ ਜਾਣ, ਇਸਤਰੀਆਂ ਦ੍ਰਵ ਜਾਣ ; ਵਾਹਿਗੁਰੂ ਦੇ ਕੀਰਤਨ ਵਿਚ ਸਮਰਥਾ ਹੈ ਤੇ ਉਸ ਦੀ ਮਨ ਦੀ ਮੁਰਾਦ ਪੂਰੀ ਹੋ ਜਾਏਗੀ; ਸਰੋਤੇ, ਇਸਤਰੀ, ਮਰਦ ਪਰਸੰਨ ਹੋ ਜਾਣਗੇ ਪਰ ਗਿਰਾਉ ਕਿੰਨਾ ਕੁ ਹੋਵੇਗਾ ? ਅੰਦਾਜ਼ਾ ਲਗਾ ਲਓ । ਇਸ ਲਈ ਕੀਰਤਨੀਆਂ ਸਦਾ ਦਿਲ ਵਿਚ ਧਾਰ ਕੇ ਕੀਰਤਨ ਕਰੇ ਕਿ ਮੈਂ ਗੁਰੂ ਨਾਨਕ, ਦੇ ਹਜ਼ੂਰ ਕੀਰਤਨ ਕਰ ਰਿਹਾ ਹਾਂ, ਵਾਹਿਗੁਰੂ ਦੇ ਗੁਣ ਗਾਇਨ ਕਰ ਰਿਹਾ ਹਾਂ, ਮੈਂ ਗੁਰੂ ਤੇ ਵਾਹਿਗੁਰੂ ਨੂੰ ਪ੍ਰਸੰਨ ਕਰਨਾ ਹੈ, ਉਸ ਦੀ ਮੇਹਰ ਦਾ ਪਾਤਰ ਬਣਨ ਲਈ; ਸੁਣਨ ਵਾਲਿਆਂ ਨੂੰ ਵੀ ਉਸ ਨਾਲ ਜੋੜਨਾ ਹੈ । ਸਰੋਤਿਆਂ ਬਾਬਤ ਉਸ ਨੂੰ ਚੇਤਾ ਹੀ ਨਾ ਆਵੇ ਕਿ ਉਹ ਬੈਠੇ ਵੀ ਹਨ ਕਿ ਨਹੀਂ, ਸਾਹਮਣੇ ਧਿਆਨ ਵਿਚ ਗੁਰੂ ਬਾਬਾ ਹੋਵੇ, ਰਸਨਾ ਉਸ ਦੀ ਸਿਫਤ ਸਲਾਹ ਵਿਚ ਰਸ ਲੈ ਰਹੀ ਹੋਵੇ, ਉਸ ਦਾ ਕੀਰਤਨ ਸਹੀ ਅਰਥਾਂ ਵਿਚ ਕੀਰਤਨ ਹੋਵੇਗਾ; ਰਸ ਵਿਚ ਭਰਿਆ, ਉਮਾਹ ਉਤਸ਼ਾਹ ਵਾਲਾ ਤੇ ਨਾਮ ਦੀ ਰੌਅ ਜਾਰੀ ਕਰਨ ਵਾਲਾ ਕੀਰਤਨ ਹੋਵੇਗਾ; ਕਿਉਂ ਜੋ ਉਸ ਦੇ ਕੀਰਤਨ ਵਿਚ ਗੁਰੂ ਆਪ ਵਰਤ ਰਿਹਾ ਹੋਵੇਗਾ । ਐਸਾ ਕੀਰਤਨ ਸਰੋਤਿਆਂ ਦੀਆਂ ਮੈਲਾਂ ਵੀ ਧੋਵੇਗਾ, ਉੱਜਲ ਮਨਾਂ ਵਿਚ ਵਾਹਿਗੁਰੂ ਪ੍ਰੇਮ ਪੈਦਾ ਕਰੇਗਾ ਅਤੇ ਕੀਰਤਨੀਏ ਨੂੰ ਵੀ ਗੁਰੂ ਨਦਰਾਂ ਵਿਚ ਪ੍ਰਵਾਣ ਕਰਾਵੇਗਾ ਤੇ ਉਸਦੀ ਨਾਮ ਦੀ ਰੌਅ ਉਤਸ਼ਾਹ ਵਿਚ ਹੋ ਕੇ ਜਾਰੀ ਰਹੇਗੀ ।

"ਕੀਰਤਨੀਏ ਲਈ ਜਗਤ ਵਿਚ ਵਾਹਵਾ ਬੜੀ ਹਾਨੀਕਾਰਕ ਹੈ । ਸੁੱਚੇ ਕੀਰਤਨੀਏ ਨੂੰ ਜਗਤ ਇਸੇ ਨਾਲ ਠਗਦਾ ਰਿਹਾ ਹੈ । ਜਗਤ ਕੱਖ (ਘਾਹ ਤੂੜੀ) ਪਾ ਕੇ ਅੰਮ੍ਰਿਤ (ਦੁੱਧ) ਚੋਣਾ ਜਾਣਦਾ ਹੈ, ਤੇ ਜਗਤ ਦਾ ਰਵੱਯਾ ਹਰ ਪਾਸੇ ਇਸੇ ਤਰ੍ਹਾਂ ਦਾ ਵਰਤ ਰਿਹਾ ਹੈ । ਉਹੀ ਕੀਰਤਨੀਆਂ ਬਚ ਸਕਦਾ ਹੈ ਜਿਸ ਨੇ ਇਕ ਨਾਮ ਤੇ ਟੇਕ ਰੱਖੀ ਹੋਵੇ, ਜੋ ਕੀਰਤਨ ਸਤਿਗੁਰੂ ਨੂੰ ਸੁਣਾਉਂਦਾ ਹੋਵੇ, ਜਗਤ ਦੀ ਨਿੰਦਾ ਉਸਤਿਤ ਤੋਂ ਬੇਪਰਵਾਹ ਹੋਵੇ । ਹਾਂ ਐਸੇ ਕੀਰਤਨੀਏ ਦੀ ਸਤਿਗੁਰ ਬਹੁੜੀ ਕਰਦਾ ਹੈ :

"ਕੀਰਤਨੀਏ ਨੂੰ ਕੀਰਤਨ ਵੇਲੇ ਸਦਾ ਇਸ ਧਿਆਨ ਵਿਚ ਰਹਿਣਾ ਚਾਹੀਏ ਕਿ ਮੈਂ ਕੀਰਤਨ ਆਪਣੇ ਇਸ਼ਟ ਸਤਿਗੁਰੂ ਜੀ ਨੂੰ ਸੁਣਾ ਰਿਹਾ ਹਾਂ । ਦੀਵਾਨ ਵਿਚ ਭਾਵੇਂ ਕਿਉਂ ਨਾ ਕੋਈ ਰਾਜਾ ਮਹਾਰਾਜਾ ਬੈਠਾ ਹੋਵੇ, ਕੀਰਤਨੀਏ ਦਾ ਧਿਆਨ ਉਧਰ ਜਾਣਾ ਹੀ ਨਹੀਂ ਚਾਹੀਦਾ ਕਿ ਮੈਂ ਕੀਰਤਨ ਮਨੁੱਖ ਰਾਜੇ ਨੂੰ ਸੁਣਾ ਰਿਹਾ ਹਾਂ । ਕਿਉਂਕਿ ਪਰਤੱਖ ਵਿਚ ਜੇ ਰਾਜਾ ਪ੍ਰਸੰਨ ਹੋ ਗਿਆ ਤਾਂ ਉਹ ਮਾਇਆ ਦੇਵੇਗਾ । ਮਾਇਆ ਕੀ ਸਾਰੇਗੀ ? ਸੰਸਾਰ ਦੇ ਕੰਮ, ਪਰ ਚਿਤ ਦੀ ਬ੍ਰਿਤੀ ਸਤਿਗੁਰੂ ਨਾਨਕ ਦੇ ਦਰੋਂ ਨੀਵੀਂ ਹੋ ਕੇ ਇਕ ਮਨੁੱਖ ਦੇ ਬੂਹੇ ਤੇ ਯਾਚਕ ਬਣ ਖੜੋਵੇਗੀ । ਮਨੁੱਖ ਸਿਵਾਏ ਮਾਇਆ ਦੇ ਹੋਰ ਕੀ ਦੇ ਸਕਦਾ ਹੈ ਤੇ ਮਾਇਆ ਪਰਲੋਕ ਵਿਚ ਕੀ ਸਹਾਇਤਾ ਕਰ ਸਕਦੀ ਹੈ ?

"ਲੋਕਾਂ ਦੀ ਵਾਹਵਾ ਵੀ ਮਾਇਆ ਹੈ, ਇਹ ਵੀ ਕੁੱਝ ਨਹੀਂ ਸਾਰ ਸਕਦੀ। ਭਾਈ ਹੀਰਾ ਸਿੰਘ ਜੀ ਚੜ੍ਹਾਈ ਕਰ ਚੁਕੇ ਹਨ ; ਉਹਨਾਂ ਦਾ ਕੀਰਤਨ ਸੁਣਕੇ ਲੋਕ ਵਾਹਵਾ ਕਰਦੇ ਹੁੰਦੇ ਸਨ, ਤੇ ਅੱਜ ਵੀ ਜਿਹਨਾਂ ਨੇ ਉਹਨਾਂ ਦਾ ਕੀਰਤਨ ਸੁਣਿਆ ਹੈ, ਉਹਨਾਂ ਦੀ ਯਾਦ ਵਿਚ ਵਾਹਵਾ ਕਰਦੇ ਹਨ। ਪਰ ਪਰਲੋਕ ਵਿਚ ਇਹ ਵਾਹਵਾ ਉਸ ਦਾ ਕੀ ਸਾਰੇਗੀ ? ਉਸਨੇ ਸਤਿਗੁਰੂ ਦੇ ਦਰ ਤੇ ਕੀਰਤਨ ਕੀਤਾ ਹੈ 'ਧੰਨ ਧੰਨ ਸਤਿਗੁਰ ਨਾਨਕ' ਦੀ ਧੁਨੀ ਵਿਚ ਉਸ ਦੀ ਸੁਰਤ ਉਚੀ ਹੋ ਗਈ ਹੈ, ਦੁਖ ਰੋਗ ਜਨਮ ਮਰਨ ਤੋਂ ਰਹਿਤ ਹੋ ਗਈ ਹੈ ਤੇ ਸਾਈਂ ਦੀ ਦਰਗਾਹ ਵਿਚ ਸਹਜ ਸੁਖ ਵਿਚ ਟਿਕ ਗਈ ਹੈ. ਲੀਨ ਹੋ ਗਈ ਹੈ।

"ਹੇ ਕੀਰਤਨੀਏ ! ਸਦਾ ਬਚ ਜਗਤ ਦੀ ਵਾਹਵਾ ਤੋਂ, ਜਗਤ ਦੀ ਵਾਹ ਵਾਹ ਮਾਇਆ ਹੈ, ਮੈਲ ਹੈ, ਦੁਰਗੰਧ ਹੈ। ਰੱਬ ਕੀ ਹੈ ? ਇਕ ਮਿੱਠੀ ਪਰਮ ਸੂਖਮ ਸੁਗੰਧੀ, ਪਵਿਤਰ ਤੇ ਖੇੜਨ ਹਾਰ ਖੁਸ਼ਬੂ। ਕੀਰਤਨ ਕਰਨ ਵਾਲਾ ਜਦ ਦਿਲੋਂ ਸਤਿਗੁਰੂ ਦੀ ਸੋਧ ਰਖਕੇ ਕੀਰਤਨ ਕਰਦਾ ਤੇ ਨਾਮ ਜਪਦਾ ਹੈ ਉਹ ਰਸ ਮਹਿਕ ਆਵਦਾ ਹੈ ਰੱਬ ਦੀ, ਜੋ ਜਗਤ ਨੂੰ ਮਨੋਹਾਰ ਖੁਸ਼ਬੋ ਹੈ। ਕੀਰਤਨੀਏ ਨੂੰ ਪਹਿਲਾ ਨਾਮ ਦਾ ਤੇ ਆਪਣੇ ਕੀਰਤਨ ਦਾ ਰਸ ਪ੍ਰਾਪਤ ਹੁੰਦਾ ਹੈ, ਪਰ ਜਦ ਲੋਕ ਵਾਹਵਾ ਕਰਦੇ ਹਨ ਤਾਂ ਉਸ ਰੱਬੀ ਖੁਸ਼ਬੋ ਤੇ ਨਾਮ ਦੇ ਰਸ ਦੀ ਥਾਂਵੇ ਜਮਾਤ ਦੀ ਵਾਹਵਾ ਦਾ ਰਸ ਥਾਂ ਮੱਲ ਲੈਂਦਾ ਹੈ। ਬਸ ਇਹ ਰਸ ਆਇਆ ਤਾਂ ਉਹ ਰਸ ਗਿਆ, ਸੁਰਤ ਢੈ ਗਈ ਤੇ ਕੀਰਤਨੀਆਂ ਗਿਆ।

"ਕੀਰਤਨੀਆਂ ਜਦ ਆਪਣੇ ਪੂਜਯ ਇਸ਼ਟ ਨੂੰ ਸੁਣਾ ਕੇ ਕੀਰਤਨ ਕਰਦਾ ਹੈ, ਉਹ ਆਪਣੇ ਸਤਿਗੁਰੂ ਨੂੰ ਰਿਝਾਉਂਦਾ, ਸੁਣਨ ਵਾਲਿਆਂ ਨੂੰ ਵੀ ਉਸੇ ਦੇ ਗੁਣ ਗਾਉਣ ਵਿਚ ਉਤਸਾਹਤ ਕਰਦਾ ਹੈ, ਇਸ ਨਾਲ ਉਸ ਦਾ ਸਿਮਰਨ ਦਾ ਰਸ ਵਧਦਾ ਹੈ। ਸਿਮਰਨ ਦਾ ਰਸ ਵਧਣ ਨਾਲ ਵਾਹਿਗੁਰੂ ਸਮੀਪਤਾ ਪ੍ਰਾਪਤ ਹੁੰਦੀ ਹੈ। ਜੇ ਵਾਹਿਗੁਰੂ ਦੀ ਸਮੀਪਤਾ ਪ੍ਰਾਪਤ ਹੋ ਗਈ ਤਾਂ ਕੀਰਤਨੀਏ ਦੇ ਲੋਕ ਪ੍ਰਲੋਕ ਦੋਵੇਂ ਸਫਲ ਹੋ ਗਏ; ਜੀਵਨ ਦਾ ਲਾਹਾ ਮਿਲ ਗਿਆ. ਫਿਰ ਹੋਰ ਕਿਸ ਪ੍ਰਾਪਤੀ ਦੀ ਲੋੜ ਬਾਕੀ ਰਹੀ ?

"ਵਾਹਵਾ ਤੋਂ ਬਚਣ ਦਾ ਮਤਲਬ ਇਹ ਹੈ ਕਿ ਵਾਹਵਾ ਦੇ ਰਸ ਵਿਚ ਕੀਰਤਨੀਆ ਆਪਣੀ ਸੁਰਤ ਨੂੰ ਲਗਣ ਨਾ ਦੇਵੇ ਤੇ ਉਸ ਨੂੰ ਨਿੰਦਾ ਤੇ ਜ਼ਹਿਰ ਤੁਲ ਸਮਝ ਕੇ ਇਸ ਦੇ ਰਸ ਮਾਣਨ ਤੋਂ ਪ੍ਰਹੇਜ਼ ਕਰੇ। 'ਵਾਹਵਾ ਆਵੇ ਤਾਂ ਖ਼ਬਰਦਾਰ ਹੋ ਜਾਵੇ ਕਿ ਇਹ ਮੇਰੇ ਗਿਰਾਉਂ ਦਾ ਕਾਰਣ ਆਇਆ ਹੈ।

"ਬਸ, ਇਹ ਇਕ ਨਿੱਕਾ ਜਿਹਾ ਨੁਕਤਾ ਜੇ ਦਿਲ ਵਿਚ ਰਖ ਲਵੇ ਤਾਂ ਕੀਰਤਨੀਆਂ ਬਚਿਆ ਰਹਿ ਸਕਦਾ ਹੈ ਤੇ ਉਹ ਕੀਰਤਨੀਆਂ ਬਣ ਜਾਂਦਾ ਹੈ, ਜਿਸ ਨੂੰ ਸਤਿਗੁਰੂ ਜੀ ਨੇ, 'ਭਲੋ ਭਲੇਰੋ ਕੀਰਤਨੀਆਂ ਦਾ' ਖ਼ਿਤਾਬ ਬਖਸ਼ਿਆ ਹੈ।

"ਆਮ ਇਨਸਾਨ ਨਾਲੋਂ ਕੀਰਤਨੀਆਂ (ਜਾਂ ਸਾਧੂ) ਜ਼ਿਆਦਾ ਖਤਰੇ ਵਿਚ ਹੈ, ਕਿਉਂਕਿ ਇਹ ਆਮ ਲੋਕਾਂ ਦੇ ਮੇਲ ਵਿਚ ਆਉਂਦਾ ਹੈ ਤੇ ਹਰੇਕ ਦੀ ਨਜ਼ਰ ਦਾ ਨਿਸ਼ਾਨਾ ਬਣਦਾ ਹੈ। ਤੇ ਡਰ ਹੁੰਦਾ ਹੈ ਕਿ ਇਜਨੂੰ ਕੋਈ ਨਿਸ਼ਾਨਾ ਘਾਇਲ ਨਹੀਂ ਕਰ ਜਾਏ ਤੇ ਇਹ ਸੱਚ ਦੇ ਜੀਵਨ ਦੀ ਪਟੜੀ ਤੋਂ ਉਖੜ ਨਾ ਜਾਏ।

"ਆਸਾ ਦੀ ਵਾਰ ਵਿਚ ਇਹੋ ਇਕ ਗੱਲ ਹਰੇਕ ਸਿੱਖ ਪ੍ਰਤੀ ਦੱਸੀ ਹੈ ਕਿ ਜੀਵਨ ਸੱਚ ਦਾ ਬਸਰ ਕਰੋ, ਸੱਚ ਦੇ ਰਾਹ ਤੇ ਟੁਰ ਕੇ ਰੱਬ ਦੀ ਖੁਸ਼ਬੂ ਵਿਚ ਖਿੜੋ। ਇਸ ਵਾਰ ਦਾ ਕੀਰਤਨ ਵੀ ਇਸੇ ਲਈ ਰੋਜ਼ ਸਵੇਰੇ ਜਾਰੀ ਕੀਤਾ ਗਿਆ ਤਾਂ ਕਿ ਕੀਰਤਨੀਆਂ ਤੇ ਸਰੋਤਿਆਂ ਨੂੰ ਇਹ ਜ਼ਰੂਰੀ ਨਿਸ਼ਾਨਾ, ਉੱਚਾ ਅਸੂਲ ਹਰ ਰੋਜ਼ ਚੇਤੇ ਆਉਂਦਾ ਰਹੇ ਹਰ ਸਿਖ ਤਾਜ਼ਾ ਦਮ ਇਹਨਾਂ ਉਪਦੇਸ਼ਾਂ ਨੂੰ ਯਾਦ ਕਰਕੇ ਆਪਣੇ ਦਿਨ ਦੇ ਕੰਮਾਂ ਕਾਰਾਂ ਵਿਚ ਰੁੱਝੇ ਤੇ ਤਾਜ਼ਾ ਸੁਣਿਆ ਉਪਦੇਸ਼ ਸਾਰਾ ਦਿਨ ਉਸਦਾ ਸਹਾਈ ਰਹੇ ਜੀਵਨ ਸੱਚ ਦੀ ਸੜਕੇ ਤੁਰਾਉਂਦਾ ਰਹੇ।"

("ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਗੁਰਮੁਖ ਜੀਵਨ" ਵਿਚੋਂ)

# Promoting music

## A unique music library in Miraj has over 2000 rare music cassettes, says D. R. GHORPADE

The Akhil Bharatiya Gandharva Mahavidylaya Mandal Miraj is working towards promoting music in all sections of society for the past 60 years. There are lessons, exams in music, seminars, books published and a monthly magazine in both Hindi & Marathi for the last 46 years. Now for the first time in India, they have established the 'Unique Sound Music Library'. The novel music library comprises over two thousand rare music cassettes which provide various ragas sung by about 350 singers and music artists of different schools (gharanas) and played on musical instruments of different kinds and places, covering a period of nearly five decades since 1950. The library which facilitates both the original and a comparative study of music is a boon for new students, experts and researches in the field

The author of this novel library and the registrar and the secretary of the Gandharva Mahavidyalaya Wandal, Balwantrao Gopalrao Joshi says that numerous organisations and eminent stalwarts like Pandit Vinayachandra Moudaglya of Delhi. Narayanrao Patwardhan of Miraj - Bareda, Vasantrao Rajopadhye of Bombay, Pramodchandra Mudgal, Shyamsundar Sangamkar of Hyderabad, and Mudrika Jani of Ahmedabad zealously assisted in gathering the rare treasure of music. The Sound Music Library which offers programmes couering over 2.200 hours has tapes and songs from eminent artists like Ustad Rajab Ali Khan, Vilayat Hussain Khan, Dilipchandra Bedi, Basavraj Rajguru, Ravi Shankar, Gajananbuva Joshi, Ali Akbar Khan, Nilkil Bannerji. Girija Devi and several others.

The A.B. Gandharva Mahavidyalaya Mandal is constantly adding various update dimensions to its work and methods. The

(ਬਾਕੀ ਦੇਖੋ ਟਾਈਟਲ 'ਤੇ)

# ਸੌ ਸਾਲ ਪੁਰਾਣੇ ਗਵਈਏ

-ਪ੍ਰੋ. ਪਿਆਰਾ ਸਿੰਘ ਪਦਮ

| ਨੰ: | ਨਾਮ ਜ਼ਿਲਾ | ਨਾਮ ਚੌਕੀ | ਨਾਮ ਚੌਕੀ ਦੇ ਮੁਖੀਏ ਦਾ | ਖਾਸ ਗੁਣ | ਸ਼ਬਦ ਭੇਟ ਅਰਦਾਸ ਦਾ ਵੇਰਵਾ | ਪਤਾ ਡਾਕ: |
|---|---|---|---|---|---|---|
| 16. | ਅੰਮ੍ਰਿਤਸਰ | ਭਾਈ ਗੰਗਾ ਸਿੰਘ ਦੀ ਜੀ | ਭਾਈ ਗੰਗਾ ਸਿੰਘ ਜੀ | ਅਕਾਲ ਤਖਤ ਬੁੰਗੇ ਆਸਾ ਦੀ ਵਾਰ | ,, | ਠਾਕਰ ਦਇਆਲ ਸਿੰਘ ਜੀ ਦੀ ਧਰਮਸਾਲਾ ਚੌਕੀ ਮੋਨੀਆਂ |
| 17. | ਆਜਮਗੜ੍ਹ ਹਿੰਦੋਸਤਾਨ | ਭਾਈ ਹਰੀ ਸਿੰਘ ਜੀ ਦੀ | ਭਾਈ ਹਰੀ ਸਿੰਘ ਜੀ | ਰਾਗੀ ਪ੍ਰੇਮੀ ਵ ਉਪਦੇਸ਼ਕ | ਜੋ ਕੁਝ ਕੋਈ ਦੇ ਦੇਵੇ ਮੁਕਰਰ ਨਹੀਂ | ਕਸਬਾਨ ਜਾਮਾਂਬਾਦ ਹਿੰਦੋਸਤਾਨ |
| 18. | ਸ਼ਾਹਪੁਰ | ਭਾਈ ਭਾਗ ਸਿੰਘ ਜੀ ਦੀ | ਭਾਈ ਭਾਗ ਸਿੰਘ ਜੀ | ਕੀਰਤਨ ਵਿਖੇ ਵ ਖਯਾਨ ਤੇ ਸ ਖੀਆਂ ਵੀ ਕਥਨ ਕਰਦੇ ਹਨ | ਮੁਕਰਰ ਨਹੀਂ ਕਰਦੇ | ਮੁਕਾਮ ਫਰੂਕਾ ਜ਼ਿਲਾਂ ਸ਼ਾਹਪੁਰ |
| 19. | ਹੈਦਰਾਬਾਦ | ਭਾਈ ਪ੍ਰਤਾਪ ਸਿਘ ਜੀ ਦੀ | ਭਾਈ ਪ੍ਰਤਾਪ ਸਿੰਘ ਜੀ ਮਹੰਤ | ਪ੍ਰੇਮੀ | ਪ੍ਰੇਮੀ ਰਾਗੀ | ਹੈਦਰਾਬਾਦ ਸਿੰਧ |
| 20. | ਕਾਂਸ਼ੀ(ਬਨਾਰਸ) | ਭਾਈ ਪ੍ਰਾਗ ਸਿੰਘ ਦੀ | ਭਾਈ ਪ੍ਰਾਗ ਸਿੰਘ ਜੀ | ਮਾਲੂਮ ਨਹੀਂ | ,, | ਬਨਾਰਸ ਬੜੀ ਸੰਗਤ |

| | | | | | | |
|---|---|---|---|---|---|---|
| ੨1. | ਕਾਂਸੀ (ਬਨਾਰਸ) | ਭਾਈ ਸੰਪੂਰਨ ਸਿੰਘ ਜੀ ਦੀ | ਭਾਈ ਸੰਪੂਰਨ ਸਿੰਘ ਜੀ | | ,, | ,, |
| 22. | ਗੁਜਰਾਤ | ਭਾਈ ਪ੍ਰੇਮ ਸਿੰਘ ਦੀ | ਭਾਈ ਪ੍ਰੇਮ ਸਿੰਘ ਜੀ | | ,, | ਮੁਕਾਮ ਸੀਰੋ ਤਹਿ: ਫਾਲੀਆਂ ਜ਼ਿਲਾ ਗੁਜਰਾਤ |
| 23. | ਗੁਰਦਾਸ ਪੁਰ | ਭਾਈ ਜ਼ਾਹਰ ਸਿੰਘ ਜੀ ਦੀ | ਭਾਈ ਕੇਸਰ ਸਿੰਘ ਜੀ | | ।ਤੀ। | ਮੁਕਾਮ ਢਾਂਗੂ, ਡਾਕਖਾਨਾ ਪਠਾਨਕੋਟ ਜ਼ਿਲਾ ਗੁਰਦਾਸਪੁਰ |
| 24 | ,, | ਭਾਈ ਗੰਡਾ ਸਿੰਘ ਜੀ ਦੀ | ਭਾਈ ਗੰਡਾ ਸਿੰਘ ਜੀ | | ।ਤੀ। | ਮੁਕਾਮ ਸਿੰਘ ਪੁਰਾ ਡਾਕਖਾਨਾ ਮਾਧੋਪੁਰ ਜ਼ਿਲਾ ਗੁਰਦਾਸਪੁਰ |
| 25. | ਗੁਜਰਾਂ ਵਾਲਾ | ਭਾਈ ਸ਼ੇਰ ਸਿੰਘ ਦੀ | ਭਾਈ ਸ਼ੇਰ ਸਿੰਘ ਜੀ | | ੫ | ਖਾਸ ਗੁਜਰਾਂਵਾਲਾ |
| 26. | ,, | ਭਾਈ ਮੂਲ ਸਿੰਘ,ਹੀਰਾ ਸਿੰਘ ਜੀ ਦੀ | ਭਾਈ ਮੂਲ ਸਿੰਘ ਜੀ | | ਮਲੂਮ ਨਹੀਂ | ,, |
| 27. | ਜਲੰਧਰ | ਭਾਈ ਠਾਕਰ ਸਿੰਘ ਦੀ | ਭਾਈ ਠਾਕਰ ਸਿੰਘ ਜੀ | | ੫ | ਡਾਕਖਾਨਾ ਬੰਗਾ, ਨਗਰ ਬੈਸਾ, ਜ਼ਿਲਾ ਜਲੰਧਰ |
| 28. | ,, | ਭਾਈ ਹਰਿਨਾਮ ਸਿੰਘ ਦੀ | ਭਾਈ ਹਰਿਨਾਮ ਸਿੰਘ ਜੀ | | ੫ | ਨਗਰ ਬੋਲੀਨਾ ਤਹਿ: ਜਲੰਧਰ |
| 29. | ,, | ਭਾਈ ਸੁਰਪਤ ਸਿੰਘ ਦੀ | ਭਾਈ ਸੁਰਪਤ ਸਿੰਘ ਜੀ | ਕਰਤਾਰਪੁਰ ਵਿਚ ਰਾਗੀ ਹਨ | | ਨਗਰ ਕਰਤਾਰ ਪੁਰ ਤਹਿਸੀਲ ਜ਼ਿਲਾ ਜਲੰਧਰ |

| | | | | | | |
|---|---|---|---|---|---|---|
| 30. | ਝੰਗ | ਭਾਈ ਹਰੀ ਸਿੰਘ, ਭਾਈ ਸਹਜ ਸਿੰਘ ਜੀ ਦੀ | ਭਾਈ ਹਰੀ ਸਿੰਘ, ਸਹਜ ਸਿੰਘ ਜੀ | | | ਨਗਰ ਸ਼ਾਹ ਜਿਊਣੇ ਤਹਿਸੀਲ ਮਘਿਆਣਾ ਜ਼ਿਲਾ ਝੰਗ |
| 31 | ਪੁਣਛ | ਭਾਈ ਸਾਧੂ ਸਿੰਘ ਜੀ ਦੀ | ਭਾਈ ਸਾਧੂ ਸਿੰਘ ਜੀ | | ੧੫ | ਰਿਆਸਤ ਪੁਣਛ ਹੰਤਪੁਰਾ ਨਿਗਰਾਲੀ |
| 32. | ,, | ਭਾਈ ਗੁਲਾਬ ਸਿੰਘ ਦੀ | ਭਾਈ ਗੁਲਾਬ ਸਿੰਘ ਜੀ | | ੧੭ | ,, |
| 33. | ,, | ਭਾਈ ਸੁਰਜਣ ਸਿੰਘ ਦੀ | ਭਾਈ ਸੁਰਜਣ ਸਿੰਘ ਜੀ | | ੧੦ | ,, |
| 34. | ,, | ਭਾਈ ਚੜਤ ਸਿੰਘ ਦੀ | ਭਾਈ ਚੜ੍ਹਤ ਸਿੰਘ ਜੀ | | ੧੦ | ,, |
| 35. | ,, | ਭਾਈ ਸੁੰਦਰ ਸਿੰਘ ਦੀ | ਭਾਈ ਸੁੰਦਰ ਸਿੰਘ ਜੀ | | ੧੦] | ,, |
| 36. | ਫੀਰੋਜ਼ਪੁਰ | ਭਾਈ ਹਰਨਾਮ ਸਿੰਘ ਦੀ | ਭਾਈ ਹਰਨਾਮ ਸਿੰਘ ਜੀ | | ੧) | ਮੁਕਾਮ ਮੁਕਤਸਰ (ਫੀਰੋਜ਼ਪੁਰ) |
| 37. | ,, | ਭਾਈ ਬਿਹਾਲ ਸਿੰਘ ਦੀ | ਭਾਈ ਬਿਹਾਲ ਸਿੰਘ ਜੀ | | ।) | ,, |
| 38. | ,, | ਭਾਈ ਨਰੈਣ ਸਿੰਘ ਜੀ ਦੀ | ਭਾਈ ਨਰੈਣ ਸਿੰਘ ਜੀ | | ਮੁਕਰਰ ਨਹੀਂ | ਮੁਕਾਮ ਮਰਾੜ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ |
| 39. | ,, | ਭਾਈ ਹੀਰਾ ਸਿੰਘ ਜੀ ਦੀ | ਭਾਈ ਹੀਰਾ ਸਿੰਘ ਜੀ | | | ਮੁਕਾਮ ਦੋਧਰ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ |
| 40. | ਮਿੰਟਗੁਮਰੀ | ਭਾਈ ਤਾਰਾ ਸਿੰਘ ਜੀ ਦੀ | ਭਾਈ ਤਾਰਾ ਸਿੰਘ ਜੀ | ਮਾਲੂਮ ਨਹੀਂ | ਮੁਕਰ ਨਹੀਂ | ਕਸਬਾ ਹਜ਼ਾਰਾ ਜ਼ਿਲਾ ਮਿੰਟਗੁਮਰੀ |
| 41. | ਰਾਵਲਪਿੰਡੀ | ਭਾਈ ਨਰੈਣ ਸਿੰਘ ਜੀ ਦੀ | ਭਾਈ ਨਰੈਣ ਸਿੰਘ ਜੀ | ,, | ੧) | ਖਾਸ ਸਖੋਂ ਤਹਿਸੀਲ ਗੁਜਰਖਾਨਾਂ |

| | | | | | | |
|---|---|---|---|---|---|---|
| 42. | ਲਾਹੌਰ | ਭਾਈ ਪ੍ਰਤਾਪ ਸਿੰਘ ਜੀ ਦੀ | ਭਾਈ ਪ੍ਰਤਾਪ ਸਿੰਘ ਜੀ | ਰਾਗੀ | ੧) | ਮੁਤਸਲ ਮਸਜਦ ਵਜ਼ੀਰ ਖਾਂ ਲਾਹੌਰ |
| 43. | ,, | ਭਾਈ ਅਮੀਰ ਸਿੰਘ ਤੇ ਭਾਈ ਗੁਰਮੁਖ ਸਿੰਘ ਦੀ | ਭਾਈ ਅਮੀਰ ਸਿੰਘ ਜੀ | ,, | ਮੁਕੁਰ ਨਹੀਂ | ਮੁਲਤਾਨੀ ਦੁਲੂ ਡਾਕ. ਰਾਇ ਮੁਗਲ ਤਹਿ: ਚੂਨੀਆਂ (ਲਾਹੌਰ) |
| 44. | ,, | ਭਾਈ ਫਤੇ ਸਿੰਘ, ਖਜਾਨ ਸਿੰਘ ਜੀ ਦੀ | ਭਾਈ ਫਤੇ ਸਿੰਘ ਜੀ | ,, | ,, | ਮੁਕਾਮ ਭੋਇਆ ਡਾਕ: ਭਾਈ ਫੇਰੂ ਜ਼ਿਲਾ ਲਾਹੌਰ |
| 45. | ,, | ਭਾਈ ਨਿਹਾਲ ਸਿੰਘ ਦੀ | ਭਾਈ ਨਿਹਾਲ ਸਿੰਘ ਜੀ | ਰਾਗੀ ਜਨਮ ਅਸਥਾਨ ਲਾਹੌਰ | ੧ | ਗੁਰਦਵਾਰਾ ਜਨਮ ਅਸਥਾਨ ਲਾਹੌਰ |
| 46. | ,, | ਭਾਈ ਹਜਾਰਾ ਸਿੰਘ ਜੀ ਦੀ | ਭਾਈ ਹਜਾਰਾ ਸਿੰਘ ਜੀ | ਰਾਗੀ ਪ੍ਰੇਮੀ | ਪ੍ਰੇਮੀ | ਮੁਕਾਮ ਖਾਸ ਮਾਗਫ |

## (੩) ਫਹਰਿਸਤ ਢਾਡੀਆਂ ਦੀ

| | | | | | | |
|---|---|---|---|---|---|---|
| 1. | ਜਲੰਧਰ | ਭਾਈ ਸ਼ੇਰੂ ਫੇਰੂ ਜੀ ਦੀ | ਭਾਈ ਸ਼ੇਰੂ | ਵਾਰਾਂ ਗੌਣੀਆਂ | ਮੁਕੁਰ ਨਹੀਂ ਜੋ ਕੁਝ ਮਿਲ ਜਾਵੇ | ਮੁਕਾਮ ਜੰਡਿਆਲਾ ਤਹਿ: ਫਿਲੌਰ |
| 2. | ,, | ਭਾਈ ਲਭੂ ਛਜੂ ਦੀ | ਭਾਈ ਲਭੂ | " | " | ਮਨਸੂਰ ਪੁਰ " |
| 3. | " | ਭਾਈ ਕਾਲੂ ਦੀ | ਭਾਈ ਕਾਲੂ | " | " | ਕਰਤਾਰਪੁਰ ਖਾਸ ਤਹਿ: ਜਲੰਧਰ |
| 4. | " | ਭਾਈ ਅਤਰੇ ਦੀ | ਭਾਈ ਅਤਰਾ | " | " | " |
| 5. | " | ਭਾਈ ਦਤਰੇ ਦੀ | ਭਾਈ ਚਤਰਾ | " | " | " |

| | | | | | | |
|---|---|---|---|---|---|---|
| 6. | " | ਭਾਈ ਸੰਤ ਸਿੰਘ ਦੀ | ਭਾਈ ਸੰਤ ਸਿੰਘ ਜੀ | " | ੩) | ਮੌਜਾ ਢੇਸੀਆਂ ਕਲਾਂ ਡਾਕਖਾਨਾ ਨੂਰ ਮਹਲ |
| 7. | ਸਯਾਲ ਕੋਟ | ਭਾਈ ਰੂੜੇ ਦੀ | ਭਾਈ ਰੂੜਾ | " | ੧੦) | ਮੁਕਾਮ ਕਲਾਸਵਾਲਾ ਤਹਿ: ਪਸਰੂਰ |
| 8. | ਜਲੰਧਰ | ਭਾਈ ਮੀਰੂ ਦੀ | ਭਾਈ ਮੀਰਾਂ | " | ਮੁਕਰਰ ਨਹੀਂ | ਜਗਰਾਵਾਂ ਮੁਤਸਲ ਕਰਤਾਰ ਪੁਰ |
| 9. | " | ਭਾਈ ਲਾਭ ਸਿੰਘ ਦੀ | ਭਾਈ ਲਾਭ ਸਿੰਘ | " | " | ਢੇਸੀਆਂ ਕਾਹਨੇ ਦੀਆਂ ਤਹਿਸੀਲ ਫਲੌਰ |
| 10. | " | ਭਾਈ ਹੁਕਮੇ ਦੀ | ਭਾਈ ਹੁਕਮਾ | " | " | ਮੁਕਾਮ ਮਨਸੂਰ ਪੁਰ |
| 11. | " | ਭਾਈ ਫੇਰੂ | ਭਾਈ ਫੇਰੂ | " | " | ਮੁਕਾਮ ਪਬੂਆ |
| 12. | " | ਭਾਈ ਸ਼ੇਰ ਸਿੰਘ ਦੀ | ਭਾਈ ਸ਼ੇਰ ਸਿੰਘ | " | " | " |
| 13. | " | ਭਾਈ ਅਤਰੇ ਦੀ | ਭਾਈ ਅਤਰਾ | " | " | ਜਲੋਵਾਲ ਰਿਆਸਤ ਕਪੂਰਥਲਾ |
| 14. | ਪਟਿਆਲਾ | ਭਾਈ ਲਸ਼ਕਰੀਏ ਦੀ | ਭਾਈ ਲਸ਼ਕਰੀਆ ਤੇ ਭਾਈ ਵਲਾਇਤੀ | " | " | ਖਾਸ ਰਿਆਸਤ ਪਟਿਆਲਾ |
| 15. | ਫੀਰੋਜ਼ਪੁਰ | ਭਾਈ ਸੁੰਦਰ ਸਿੰਘ ਦੀ | ਭਾਈ ਸੁੰਦਰ ਸਿੰਘ ਜੀ | " | " | ਮੁਕਾਮ ਤਿਲਵੰਡੀ ਮੱਲ੍ਹੀਆਂ ਦੀ ਜ਼ਿਲਾ ਫੀਰੋਜ਼ਪੁਰ ਧਰਮਕੋਟ |

[ਇਹ ਨਕਸ਼ਾ ਬਾਹਰ ਦੇ ਆਏ ਹੋਏ ਨਕਸ਼ਿਆਂ 'ਤੇ ਤਿਆਰ ਕੀਤਾ ਗਿਆ ਸੀ ਪੱਕਾ ਪਤਾ ਸਾਨੂੰ ਨਹੀਂ ਕਿ ਜਿਹਨਾਂ ਦੇ ਨਾਮ ਦਰਜ ਹਨ ਉਹ ਢਾੜੀਆਂ ਵਾਲੇ ਰੈਹਤ ਵੀ ਰਖਦੇ ਹਨ ਪੰਥ ਹਿਤੈਸ਼ੀ ਸੱਜਣਾਂ ਨੂੰ ਜੋ ਕੁਝ ਹਾਲ ਮਾਲੂਮ ਹੋਵੇ ਕ੍ਰਿਪਾ ਕਰਕੇ ਸਨੇਸਨੇ ਸਾਨੂੰ ਦੱਸਣ]

(ਸਫ਼ਾ 19 ਦੀ ਬਾਕੀ)

recordings are of varied performances like lectures and interviews on music, seminars and workshops conducted all over India, experiments, demonstrations by masters and the new talented artists. It has organised music seminars in Delhi, Bhubaneshwar, Admedabad, Baroda, Parbhani, Bombay, Aurangaqad, etc. Mr. Balwant Joshi who has brought the idea of the library into existence said, "Music is a heritage and we need to make an archives of it, an ongoing process both for the organisation and the listeners".

The Gandharva Mahavidyalaya is a de facto University of Music offering diplomas like Visharad, Alankar, Sangeetacharya, Shiksha Visharad, etc. It holds convocations every year. Each year about 64,000 students appear all over India. The examinations, both practical and written, are held in all the Indian languages. The diplomas are recognised all over India.

The Mandal runs its magazine—*Sangit Kala Vihar*—in a spirit of duty. The Mandal has now secured about 18 thousand square feet of land at Vashi in Bombay where it has constructed massive, beautiful buildings including its own studio in 30 lakh rupees. Now Vashi is being developed as the nerve centre of the mandal. In Miraj, it has 3,000 sq. ft. of land and they are proposing to have a building there too.